# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਹਫਤਾਵਾਰੀ ਪੰਜਾਬੀ ਖੇਤੀਬਾੜੀ ਅਖਬਾਰ

Rs.10/-

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI 42269/83 (PUNPUN00806) • Issue Dated 22-08-2026 • Vol.44 No.34 • M. 90410-14575 • Page 16

E-mail : khetiduniyan1983@gmail.com















ਕ੍ਰਿਸ਼ੀ ਰਸਾਇਣ ਐਕਸਪੋਰਟਸ ਪ੍ਰਾਈਵੇਟ ਲਿਮਟਿਡ

1115, ਹੇਮਕੁੰਟ ਟਾਵਰ, 98, ਨਹਿਰੂ ਪਲੇਸ, ਨਵੀਂ ਦਿੱਲੀ-110019

ਵੈਬਸਾਈਟ : www.krepl.in | ਈਮੇਲ : krepl.delhi@krepl.in

ਵਧੇਰੇ ਜਾਣਕਾਰੀ ਲਈ ਕ੍ਰਿਸ਼ਜ਼ ਨਾਲੇਜ ਕੇਂਦਰ 1800-572-5065 'ਤੇ ਸੰਪਰਕ ਕਰੋ।

Follow us on: @krishirasayan73

# ਮੱਕੀ ਵਿੱਚ ਇੰਜ ਕਰੋ ਪਾਣੀ ਦੀ ਖਪਤ ਅੱਧੀ



ਡਾ. ਜਸਵਿੰਦਰ ਸਿੰਘ ਬਰਾੜ
ਮੋਬਾਇਲ : 94176-20311

**ਮੌਜੂਦਾ ਹਾਲਾਤ ਵਿੱਚ 'ਪਾਣੀ ਬਚੇਗਾ ਤਾਂ ਪੰਜਾਬ ਬਚੇਗਾ ਮੁਹਿੰਮ' ਜਾਂ ਕਿਸਾਨਾਂ ਦੇ ਸੈਮੀਨਾਰਾਂ ਵਿੱਚ ਹਰ ਕੋਈ ਮੱਕੀ ਦੀ ਫ਼ਸਲ 'ਤੇ ਹੀ ਦੋਸ਼ ਮੜ੍ਹਨ ਲੱਗਾ ਹੋਇਆ ਹੈ...**

''ਮੱਕੀ ਗੁੱੜਦਾ ਜੱਟ ਸਾਧ ਹੋ ਗਿਆ'' ਪੰਜਾਬੀ ਦਾ ਇਹ ਅਖਾਣ ਇਸ ਗੱਲ ਦਾ ਗਵਾਹ ਹੈ ਕਿ ਮੱਕੀ ਪੰਜਾਬ ਦੀ ਪੁਰਾਤਨ ਤੇ ਰਵਾਇਤੀ ਫ਼ਸਲ ਹੈ। ਹਰੇ ਇਨਕਲਾਬ ਤੋਂ ਪਹਿਲਾਂ ਮੱਕੀ ਪੰਜਾਬ ਦੀ ਮੂਲ ਫ਼ਸਲ ਸੀ ਤੇ ਕਿਸਾਨ ਹੱਥੀ ਮੱਕੀ ਦੀ ਬਿਜਾਈ ਤੇ ਗੁਡਾਈ ਕਰਦੇ ਸਨ। ਗੁੱਡਦੇ ਸਮੇਂ ਜਿੱਥੇ ਨਦੀਨ ਕੰਟਰੋਲ ਹੁੰਦੇ ਸਨ, ਉੱਥੇ ਮੱਕੀ ਦੇ ਮੁੱਢਾਂ ਤੇ ਜੜਾਂ ਨਾਲ ਮਿੱਟੀ ਵੀ ਲੱਗਦੀ ਸੀ। ਜਿਵੇਂ ਕਿ ਝੋਨਾ ਬਾਹਰੋਂ ਆਇਆ ਹੈ। ਇਹ ਪੰਜਾਬ ਦੀ ਰਵਾਇਤੀ ਫ਼ਸਲ ਨਹੀਂ ਸੀ।

ਮੱਕੀ ਚੰਗੇ ਜਲ ਨਿਕਾਸ ਵਾਲੀ ਮੈਰਾ ਤੋਂ ਭਲ ਵਾਲੀ ਜ਼ਮੀਨ ਵਿੱਚ ਵਧੀਆ ਹੁੰਦੀ ਹੈ ਅਤੇ ਪੰਜਾਬ ਵਿੱਚ ਬਹਾਰ ਰੁੱਤ ਦੀ ਮੱਕੀ ਦੀ ਕਾਸ਼ਤ ਅਹਿਮ ਹਿੱਸਾ ਬਣ ਚੁੱਕੀ ਹੈ, ਜਿਸ ਦੇ ਪੱਕਣ ਸਮੇਂ ਵਧੇਰੇ ਤਾਪਮਾਨ ਹੋਣ ਕਾਰਨ ਫ਼ਸਲ ਨੂੰ ਜ਼ਿਆਦਾ



ਸਿੰਚਾਈ ਦੀ ਲੋੜ ਪੈਂਦੀ ਹੈ ਪਰ ਧਰਤੀ ਹੇਠਲੇ ਸੋਮਿਆਂ ਦੀ ਅੰਨ੍ਹੇਵਾਹ ਵਰਤੋਂ ਕਰ ਕੇ ਪਾਣੀ ਦੇ ਪੱਧਰ ਵਿੱਚ ਗਿਰਾਵਟ ਇੱਕ ਚਿੰਤਾ ਦਾ ਵਿਸ਼ਾ ਬਣਿਆ ਪਿਆ ਹੈ। ਮੌਜੂਦਾ ਹਾਲਾਤਾਂ ਵਿੱਚ 'ਪਾਣੀ ਬਚੇਗਾ ਤਾਂ ਪੰਜਾਬ ਬਚੇਗਾ' ਮੁਹਿੰਮ ਜਾਂ ਕਿਸਾਨਾਂ ਦੇ ਸੈਮੀਨਾਰਾਂ ਵਿੱਚ ਹਰ ਕੋਈ ਮੱਕੀ ਦੀ ਫ਼ਸਲ 'ਤੇਹੀ ਦੋਸ਼ ਮੜ੍ਹਨ ਲੱਗਾ ਹੋਇਆ ਹੈ ਕਿ ਮੱਕੀ ਵਿੱਚ ਪਾਣੀ ਦੀ ਖਪਤ ਝੋਨੇ ਦੇ ਬਰਾਬਰ ਹੀ ਹੈ। ਕਈ ਤਾਂ ਇੱਥੋਂ ਤੱਕ ਵੀ ਕਹਿੰਦੇ ਹਨ ਕਿ ਮੱਕੀ ਦੀ ਫ਼ਸਲ ਝੋਨੇ ਨਾਲੋਂ ਵੱਧ ਪਾਣੀ ਪੀਂਦੀ ਹੈ ਪਰ ਅਸਲ ਵਿੱਚ ਜੇਕਰ ਮੱਕੀ ਦੀ ਕਾਸ਼ਤ ਦਾ ਤਰੀਕਾ ਸਹੀ ਹੋਵੇ ਤਾਂ ਮੱਕੀ ਪਾਣੀ ਦਾ ਖਓ ਨਹੀਂ ਬਣਦੀ।

ਕੁਦਰਤੀ ਤੌਰ 'ਤੇ ਝੋਨੇ ਦੀ ਫ਼ਸਲ ਨਾਲੋਂ, ਬਹੁਤ ਘੱਟ ਪਾਣੀ ਨਾਲ ਮੱਕੀ ਦੀ ਖੇਤੀ ਮਹੱਤਵਪੂਰਵਕ ਕੀਤੀ ਜਾ ਸਕਦੀ ਹੈ। ਖ਼ਾਸ ਕਰਕੇ ਗਲਤ ਸਮੇਂ 'ਤੇ ਬਿਜਾਈ, ਬੀਜਣ ਦਾ ਢੰਗ ਤੇ ਸਿੰਚਾਈ ਦੇ ਢੰਗ ਹੀ, ਮੱਕੀ ਨੂੰ ਪਾਣੀ ਦਾ ਖੋਅ ਬਣਾ ਰਹੇ ਹਨ। ਵਿਸ਼ੇਸ਼ ਤੌਰ 'ਤੇ ਵੱਟਾਂ ਉੱਪਰ ਮੱਕੀ ਦੀ ਕਾਸ਼ਤ ਕਰਨ ਦੇ ਢੰਗ ਨਾਲ ਪਾਣੀ ਦੀ ਖਪਤ ਵਧੇਰੇ ਹੁੰਦੀ ਹੈ ਕਿਉਂਕਿ ਮੱਕੀ ਦੀ ਫ਼ਸਲ ਵੱਟਾਂ ਦੇ ਸਿਰਿਆਂ ਉੱਪਰ ਲਾਉਣ ਨਾਲ, ਮੱਕੀ ਦੇ ਪੌਦਿਆਂ ਦੀਆਂ ਜੜ੍ਹਾਂ ਵੱਟਾਂ ਉੱਪਰ ਜ਼ਮੀਨ ਦੀ ਉੱਪਰਲੀ ਪਰਤ ਵਿੱਚ ਹੋਣ ਕਰ ਕੇ ਕਿਸਾਨਾਂ ਵੱਲੋਂ ਖਾਲੀਆਂ ਵਿੱਚ ਪਾਣੀ ਦਿੱਤਾ ਜਾਂਦਾ ਹੈ ਤਾਂ ਵੱਟਾਂ ਦੇ ਸਿਖਰ ਉੱਤੇ ਕੇਵਲ ਸਿੱਲ੍ਹ ਚੜ੍ਹਦੀ ਹੈ, ਜੋ ਜਲਦੀ ਖੁਸ਼ਕ ਹੋ ਜਾਂਦੀ ਹੈ ਅਤੇ ਮੱਕੀ ਨੂੰ ਫਿਰ ਜਲਦੀ ਪਾਣੀ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ ਤਾਂ ਕਿਸਾਨਾਂ ਨੂੰ ਤੁਰੰਤ ਪਾਣੀ ਲਗਾਉਣਾ ਪੈਂਦਾ ਹੈ ਤਾਂ ਕਰਕੇ ਇਸ ਤਕਨੀਕ ਨਾਲ ਬਹੁਤ ਜ਼ਿਆਦਾ ਪਾਣੀ ਦੀ ਖਪਤ ਹੁੰਦੀ ਹੈ। ਜੇਕਰ ਮੱਕੀ ਦੀ ਫ਼ਸਲ ਸਮਤਲ ਖੇਤ ਵਿੱਚ ਕੀਤੀ ਜਾਵੇ ਅਤੇ ਪਹਿਲੇ ਜਾਂ ਦੂਜੇ ਪਾਣੀ (ਬਾਰਸ਼ਾਂ ਦੇ ਅਨੁਸਾਰ) ਤੋਂ ਬਾਅਦ ਜਦੋਂ ਮੱਕੀ ਦੀ ਫ਼ਸਲ ਇੱਕ ਤੋਂ ਡੇਢ ਫੁੱਟ ਤੱਕ ਲੰਬਾਈ ਦੀ ਹੋ ਜਾਏ ਤਾਂ ਟਰੈਕਟਰ ਨਾਲ ਚੱਲਣ ਵਾਲੇ ਰਿਜਰ ਨਾਲ ਮੱਕੀ ਦੇ ਪੌਦਿਆਂ ਦੇ ਮੁੱਢਾਂ ਨਾਲ ਮਿੱਟੀ ਲਗਾਉਣ ਨਾਲ ਫ਼ਸਲ ਦੀਆਂ ਜੜ੍ਹਾਂ ਤੇ ਮੁੱਢਾਂ ਨਾਲ ਮਿੱਟੀ ਲੱਗ ਜਾਵੇਗੀ। ਮੱਕੀ ਦੀਆਂ ਜੜ੍ਹਾਂ ਵੱਟਾਂ ਦੇ ਹੇਠਾਂ ਆ ਜਾਣਗੀਆਂ। ਫ਼ਸਲ ਨੂੰ ਸਿੰਚਾਈ ਕਰਨ ਉਪਰੰਤ, ਫ਼ਸਲ ਪਾਣੀ ਜਲਦੀ ਨਹੀਂ ਮੰਗੇਗੀ ਕਿਉਂਕਿ ਜਦੋਂ ਮੱਕੀ ਦੀ ਫ਼ਸਲ ਦੀਆਂ ਜੜ੍ਹਾਂ ਵੱਟਾਂ ਦੇ ਹੇਠਲੇ ਪਾਸੇ ਹੋਣਗੀਆਂ ਤਾਂ ਪਾਣੀ ਲਗਾਉਣ ਉਪਰੰਤ ਜਿੰਨਾ ਚਿਰ ਸਾਰੀ ਵੱਟ/ਜ਼ਮੀਨ ਖੁਸ਼ਕ ਨਹੀਂ ਹੁੰਦੀ, ਓਨਾ ਚਿਰ ਮੱਕੀ ਨੂੰ ਪਾਣੀ ਲਗਾਉਣ ਦੀ ਜ਼ਰੂਰਤ ਨਹੀਂ ਪਵੇਗੀ, ਕਿਉਂਕਿ ਮੱਕੀ ਨੂੰ ਕੇਵਲ ਨਮੀ ਦੀ ਜ਼ਰੂਰਤ ਹੁੰਦੀ ਹੈ। ਜੜ੍ਹਾਂ ਵੱਟਾਂ ਹੇਠ ਹੋਣ ਕਰਕੇ ਜਲਦੀ ਨਮੀ ਨਹੀਂ ਘਟਦੀ। ਇਸ ਉਲਟ ਜਦੋਂ ਫ਼ਸਲ ਦੀ ਜੜ੍ਹਾਂ ਵੱਟਾਂ ਉੱਪਰ ਹੁੰਦੀਆਂ ਹਨ ਤਾਂ ਮੱਕੀ ਨੂੰ ਜਲਦੀ ਪਾਣੀ ਦੇਣਾ ਪਵੇਗਾ ਕਿਉਂਕਿ ਵੱਟਾਂ ਦਾ ਉਪਰਲਾ ਸਿਰਾ ਜਲਦੀ ਖੁਸ਼ਕ ਹੋ ਜਾਂਦਾ ਹੈ।

## ਵੱਟਾਂ 'ਤੇ ਬਿਜਾਈ

ਸਮਤਲ ਖੇਤ ਵਿੱਚ ਪਾਣੀ ਖੁੱਲ੍ਹਾ ਛੱਡਣ ਦੀ ਬਜਾਏ, ਵੱਟਾਂ ਬਣਾ ਕੇ ਬਿਜਾਈ ਕਰਨ ਨਾਲ ਪਾਣੀ ਦੀ ਬੱਚਤ ਹੁੰਦੀ ਹੈ। ਪਾਣੀ ਸਿਰਫ਼ ਖਾਲੀਆਂ ਵਿੱਚ ਦਿੱਤਾ ਜਾਂਦਾ ਹੈ, ਜਿਸ ਨਾਲ ਪਾਣੀ ਦੀ ਖਪਤ ਘੱਟਦੀ ਹੈ ਪਰ ਖੇਤ 'ਤੇ ਕਿਸਾਨਾਂ ਦੇ ਤਜ਼ਰਬੇ ਦਰਸਾਉਂਦੇ ਹਨ ਕਿ ਜਦੋਂ ਮੱਕੀ ਦੀ ਫ਼ਸਲ ਨੂੰ ਸਮਤਲ ਖੇਤਾਂ ਵਿੱਚ ਤਰ ਵਤਰ ਜ਼ਮੀਨ ਵਿੱਚ ਨਿਊਮੈਟਿਕ ਪਲਾਂਟਰ ਜਾਂ ਕਿਸੇ ਵੀ ਮੱਕੀ ਬੀਜਣ ਵਾਲੀ ਮਸ਼ੀਨ ਨਾਲ ਫ਼ਸਲ ਦੀ ਬਿਜਾਈ ਕਰਨ ਉਪਰੰਤ ਜਦੋਂ ਮੱਕੀ ਦੀ ਫ਼ਸਲ ਗੱਡੇ ਗੱਡੇ ਹੋ ਜਾਵੇ ਭਾਵ ਇੱਕ ਡੇਢ ਫੁੱਟ ਦੀ ਹੋ ਜਾਵੇ ਤਾਂ ਟਰੈਕਟਰ ਨਾਲ ਚੱਲਣ ਵਾਲੇ ਰਿਜਰ ਨਾਲ ਮੱਕੀ ਦੀ ਫ਼ਸਲ ਦੇ ਮੁੱਢਾਂ ਨਾਲ ਮਿੱਟੀ ਚੜ੍ਹਾ ਕੇ ਵੱਟਾਂ ਤੇ ਖਾਲੀਆਂ ਬਣ ਜਾਂਦੀਆਂ ਹਨ ਤਾਂ ਇਹਨਾਂ ਖਾਲੀਆਂ ਵਿੱਚ ਪਾਣੀ ਦੇਣ ਨਾਲ ਪਾਣੀ ਦੀ ਬਹੁਤ ਜ਼ਿਆਦਾ ਬਚਤ ਹੁੰਦੀ ਹੈ। ਵਾਰ-ਵਾਰ ਤੁਰੰਤ ਪਾਣੀ ਦੇਣ ਦੀ ਜ਼ਰੂਰਤ ਨਹੀਂ ਪੈਂਦੀ।

## ਤੁਪਕਾ ਸਿੰਚਾਈ


ਤੁਪਕਾ ਸਿੰਚਾਈ ਵਿਧੀ ਦੀ ਵਰਤੋਂ ਨਾਲ ਪਾਣੀ ਦੀ ਬਹੁਤ ਜ਼ਿਆਦਾ ਬੱਚਤ ਕੀਤੀ ਜਾ ਸਕਦੀ ਹੈ। ਇਸ ਨਾਲ ਮੱਕੀ ਦੇ ਬੂਟਿਆਂ ਨੂੰ ਸਿੱਧੀਆਂ ਜੜ੍ਹਾਂ ਵਿੱਚ ਪਾਣੀ ਮਿਲਦਾ ਹੈ ਅਤੇ ਪਾਣੀ ਵਿਅਰਥ ਨਹੀਂ ਜਾਂਦਾ। ਦੂਜੇ ਪਾਸੇ ਪੰਜਾਬ ਦੇ ਜ਼ਿਆਦਾਤਰ ਕਿਸਾਨ ਨਿਊਮੈਟਿਕ ਬੈੱਡ ਪਲਾਟਰ ਨਾਲ ਮੱਕੀ ਦੀ ਬਿਜਾਈ ਕਰਦੇ ਹਨ ਤੇ ਖਾਲੀਆਂ ਵਿੱਚ ਹੀ ਪਾਣੀ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਵੀ ਪਾਣੀ ਦੀ ਖਪਤ ਘੱਟ ਹੁੰਦੀ ਹੈ ਪਰ ਮੱਕੀ ਦੀ ਜੜ੍ਹ ਉੱਪਰ ਹੋਣ ਕਾਰਨ ਮੱਕੀ ਨੂੰ ਫਿਰ ਵੀ ਜੜ੍ਹ ਉੱਪਰ ਹੋਣ ਕਾਰਨ ਮੱਕੀ ਨੂੰ ਫਿਰ ਦੀ ਜਲਦੀ ਪਾਣੀ ਦੇਣਾ ਪੈਂਦਾ ਹੈ ਪਰ ਜਦੋਂ ਮੱਕੀ ਦੇ ਪੌਦਿਆਂ ਦੀਆਂ ਜੜ੍ਹਾਂ ਤੇ ਮੁੱਢਾਂ ਨਾਲ ਮਿੱਟੀ ਚੜ੍ਹਾਈ ਜਾਂਦੀ ਹੈ ਤੇ ਖਾਲੀਆਂ ਵਿੱਚ ਪਾਣੀ ਦਿੱਤਾ ਜਾਂਦਾ ਹੈ ਤਾਂ ਇਸ ਤਕਨੀਕ ਨਾਲ ਪਾਣੀ ਦੀ ਵਧੇਰੇ ਬੱਚਤ ਕੀਤੀ ਜਾ ਸਕਦੀ ਹੈ ਅਤੇ ਭਰਪੂਰ ਝਾੜ ਵੀ ਹਾਸਲ ਹੁੰਦਾ ਹੈ।

## ਬਿਜਾਈ ਦਾ ਤਰੀਕਾ ਤੇ ਪਾਣੀ ਦੀ ਸਹੀ ਵਰਤੋਂ

ਮੱਕੀ ਦੀ ਖੇਤੀ ਵਿੱਚ ਬਿਜਾਈ ਤਰੀਕੇ ਦਾ ਸਹੀ ਹੋਣਾ, ਪਾਣੀ ਦੀ ਸਹੀ ਵਰਤੋਂ, ਸਮੇਂ ਤੇ ਬਿਜਾਈ ਕਰਨੀ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ) ਅਨੁਸਾਰ ਮੱਕੀ ਨੂੰ ਸਭ ਤੋਂ ਘੱਟ ਪਾਣੀ ਸਾਉਣੀ (ਖਰੀਫ) ਦੀ ਰੁੱਤ ਵਿੱਚ ਲੋੜੀਂਦਾ ਹੈ, ਜੋ ਕਿ ਮਾਨਸੂਨ ਦੇ ਮੌਸਮ ਵਿੱਚ ਕੁਦਰਤੀ ਮੀਂਹ ਨਾਲ ਹੀ ਪਲ ਜਾਂਦੀ ਹੈ ਅਤੇ ਇਸ ਨੂੰ ਸਿਰਫ਼ 3-4 ਪਾਣੀਆਂ ਦੀ ਲੋੜ ਪੈਂਦੀ ਹੈ। ਇਸਦੇ ਉਲਟ, ਬਹਾਰ ਰੁੱਤ (ਸਪਰਿੰਗ) ਦੀ ਮੱਕੀ ਨੂੰ 15 ਤੋਂ 20 ਪਾਣੀ ਤੱਕ ਲਗਾਉਣੇ ਪੈਂਦੇ ਹਨ।

## ਇਨ੍ਹਾਂ ਨੁਕਤਿਆਂ 'ਤੇ ਕਰੋ ਗੌਰ

ਜੇਕਰ ਮੱਕੀ ਦੀ ਕਾਸ਼ਤ ਦਾ ਤਰੀਕਾ ਸਹੀ ਹੋਵੇ ਤਾਂ ਮੱਕੀ ਪਾਣੀ ਦਾ ਖੋਅ ਨਹੀਂ ਬਣਦੀ। ਮੱਕੀ ਦੇ ਖੇਤ ਨੂੰ ਕਦੇ ਵੀ ਪਾਣੀ ਨਾਲ



ਨਾ ਭਰੋ (ਝੋਨੇ ਵਾਂਗ ਖੜ੍ਹਾ ਪਾਣੀ ਨਹੀਂ ਚਾਹੀਦਾ)। ਜ਼ਮੀਨ ਵਿੱਚ ਸਿਰਫ਼ ਲੋੜੀਂਦੀ ਨਮੀ ਬਣਾਈ ਰੱਖਣੀ ਹੀ ਕਾਫ਼ੀ ਹੁੰਦੀ ਹੈ। ਮੱਕੀ ਦੀ ਫ਼ਸਲ ਦੀਆਂ ਜੜ੍ਹਾਂ ਨਾਲ ਚੜ੍ਹਾਈ ਮਿੱਟੀ ਲੰਮੇ ਸਮੇਂ ਲਈ ਜੜ੍ਹਾਂ ਦੇ ਨੇੜੇ ਨਮੀ ਬਣਾਈ ਰੱਖਣ ਵਿੱਚ ਮਦਦਗਾਰ ਹੁੰਦੀ ਹੈ। ਮੱਕੀ ਦੀ ਬਿਜਾਈ ਦਾ ਸਮਾਂ ਤੇ ਢੰਗ ਅਤੇ ਫ਼ਸਲ ਨੂੰ ਪਾਣੀ ਦੇਣ ਦਾ ਤਰੀਕਾ ਬਹੁਤ ਮਹੱਤਵਪੂਰਨ ਹੁੰਦਾ ਹੈ ਤੇ ਇਨ੍ਹਾਂ ਨੁਕਤਿਆਂ 'ਤੇ ਗੌਰ ਕਰਨ ਦੀ ਲੋੜ ਹੈ। ਮੱਕੀ ਦੀਆਂ ਜੜ੍ਹਾਂ ਨਾਲ ਮਿੱਟੀ ਲਾਓ ਤਾਂ ਮੱਕੀ ਦੇ ਬੂਟਿਆਂ ਦੀਆਂ ਜੜ੍ਹਾਂ ਵੱਟਾਂ ਹੇਠਾਂ ਹੋਣ ਨਾਲ ਪਾਣੀ ਦੀ ਖਪਤ ਅੱਧੀ ਰਹਿ ਜਾਊ।



# ਝੋਨੇ ਦੀ ਝੂਠੀ ਕਾਂਗਿਆਰੀ ਦੀ ਸਰਵਪੱਖੀ ਰੋਕਥਾਮ

ਯੈਸਮੀਨ ਕੌਰ ਅਤੇ ਮਨਦੀਪ ਹੁੰਜਨ,
ਪੌਦਾ ਰੋਗ ਵਿਭਾਗ, ਪੀ. ਏ. ਯੂ.,
ਲੁਧਿਆਣਾ (ਮੋ. 97799-07040)

ਝੂਠੀ ਕਾਂਗਿਆਰੀ ਦਾ ਰੋਗ ਪੰਜਾਬ ਵਿੱਚ ਇੱਕ ਗੰਭੀਰ ਸਮੱਸਿਆ ਬਣਦਾ ਜਾ ਰਿਹਾ ਹੈ। ਸਾਲ 2025 ਦੀ ਸਾਉਣੀ ਰੁੱਤ ਦੌਰਾਨ ਪੰਜਾਬ ਵਿੱਚ ਕੀਤੇ ਖੇਤ ਸਰਵੇਖਣਾਂ ਵਿੱਚ ਇਸ ਬਿਮਾਰੀ ਦਾ ਸੰਕਰਮਣ 10% ਅਤੇ ਤੀਬਰਤਾ 1-1.5% ਦਰਜ ਕੀਤੀ ਗਈ। ਜਦੋਂ ਕਿ ਕੁਝ ਕੁ ਖੇਤਾਂ ਵਿੱਚ ਇਸ ਦੀ ਵਧੇਰੇ ਤੀਬਰਤਾ ਵੀ ਪਾਈ ਗਈ। ਇਸ ਬਿਮਾਰੀ ਦਾ ਕਾਰਨ ਇੱਕ ਉੱਲੀ ਹੈ, ਜਿਸ ਦੀ ਲਾਗ ਲੱਛਣ ਦਿਖਾਈ ਦੇਣ ਤੋਂ ਪਹਿਲਾਂ ਹੀ ਲੱਗ ਜਾਂਦੀ ਹੈ। ਇਹ ਲਾਗ ਸਿੱਟੇ ਦੇ ਗੋਭ ਵਿੱਚ ਹੋਣ ਤੋਂ ਲੈ ਕੇ ਫੁੱਲ ਨਿਸਰਣ ਸਮੇਂ ਦੌਰਾਨ ਲਗਦੀ ਹੈ ਜਦੋਂ ਕਿ ਬਿਮਾਰੀ ਦੀਆਂ ਸਮੱਟ ਬਾਲਾਂ ਸਿੱਟੇ ਉਭਰਣ ਤੋਂ ਬਾਅਦ ਦਿਖਾਈ ਦਿੰਦੀਆਂ ਹਨ। ਇਸ ਲਈ ਸਮੱਟ ਬਾਲਾਂ ਦਿਖਾਈ ਦੇਣ ਤੋਂ ਬਾਅਦ ਕੀਤੇ ਕਿਸੇ ਵੀ ਉੱਲੀਨਾਸ਼ਕ ਦੇ ਛਿੜਕਾਅ ਦਾ ਉਸ ਰੁੱਤ ਵਿੱਚ ਲੱਗਣ ਵਾਲੀ ਬਿਮਾਰੀ ਉੱਤੇ ਕੋਈ ਅਸਰ ਨਹੀਂ ਪੈਂਦਾ। ਸਿੱਟਿਆਂ ਦੇ ਗੋਭ ਤੋਂ ਲੈ ਕੇ ਫੁੱਲ ਨਿਸਰਣ ਵਾਲੇ ਪੜਾਅ ਤੱਕ ਲਗਾਤਾਰ ਬੱਦਲਵਾਈ ਹੋਣ, ਥੋੜੇ-ਥੋੜੇ ਵਕਫ਼ੇ 'ਤੇ ਮੀਂਹ ਪੈਣ, ਹਵਾ ਵਿੱਚ ਜ਼ਿਆਦਾ ਨਮੀ ਅਤੇ ਦਰਮਿਆਨਾ ਤਾਪਮਾਨ (25-35°C) ਇਸ ਬਿਮਾਰੀ ਲਈ ਅਨੁਕੂਲ ਮੌਸਮੀ ਹਾਲਾਤ ਹਨ। ਖੇਤ ਵਿੱਚ ਸਿਫ਼ਾਰਿਸ਼ ਤੋਂ ਜ਼ਿਆਦਾ ਨਾਈਟ੍ਰੋਜਨ ਖਾਦ ਦੀ ਵਰਤੋਂ ਕਰਨ ਅਤੇ ਪਾਣੀ ਦਾ ਚੰਗਾ ਨਿਕਾਸ ਪ੍ਰਬੰਧ ਨਾ ਹੋਣ ਜਾਂ ਖੇਤ ਨੀਵਾਂ ਹੋਣ ਨਾਲ ਵੀ ਖੇਤਾਂ ਵਿੱਚ ਇਸ ਬਿਮਾਰੀ ਦੇ ਲੱਛਣ ਵਧੇਰੇ ਦਿਖਾਈ ਦਿੰਦੇ ਹਨ।

**ਝੂਠੀ ਕਾਂਗਿਆਰੀ ਦੇ ਪ੍ਰਬੰਧਨ ਲਈ ਸੁਝਾਅ**

★ ਪਿਛਲੇ ਸਾਲਾਂ ਦੌਰਾਨ ਬਿਮਾਰੀ ਗ੍ਰਸਤ ਹੋਏ ਖੇਤਾਂ ਦੀ ਨਿਗਰਾਨੀ ਕਰਦੇ ਰਹਿਣਾ ਚਾਹੀਦਾ ਹੈ। ਅਨੁਕੂਲ ਮੌਸਮੀ ਹਾਲਾਤਾਂ ਅਧੀਨ ਅਜਿਹੇ ਖੇਤਾਂ ਵਿੱਚ ਬਿਮਾਰੀ ਦੇ ਵਿਕਸਿਤ ਹੋਣ ਦਾ ਖਦਸ਼ਾ ਵਧੇਰੇ ਰਹਿੰਦਾ ਹੈ।

★ ਸਿੱਟੇ ਦੇ ਗੋਭ ਵਿੱਚ ਹੋਣ ਸਮੇਂ ਉੱਲੀਨਾਸ਼ਕਾਂ ਦਾ ਛਿੜਕਾਅ ਕਰਨਾ ਚਾਹੀਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਿਫ਼ਾਰਿਸ਼ ਅਨੁਸਾਰ ਕੋਸਾਈਡ 46 ਡੀਐੱਫ @ 500 ਗ੍ਰਾਮ ਜਾਂ ਗੈਲੀਲਿਓ ਵੇਅ 18.76 ਐੱਸਸੀ @ 400 ਮਿ.ਲੀ. ਪ੍ਰਤੀ ਏਕੜ ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਸਿੱਟੇ ਦੇ ਗੋਭ ਵਿੱਚ ਹੋਣ ਸਮੇਂ ਛਿੜਕਾਅ ਕਰਨਾ ਚਾਹੀਦਾ ਹੈ। ਇਹ ਛਿੜਕਾਅ ਪਿਛਲੇ ਸਾਲਾਂ ਦੌਰਾਨ ਬਿਮਾਰੀ ਗ੍ਰਸਤ ਹੋਏ ਖੇਤਾਂ ਵਿੱਚ ਜ਼ਰੂਰ ਕਰਨਾ ਚਾਹੀਦਾ ਹੈ।

★ ਨਾਈਟ੍ਰੋਜਨ ਖਾਦਾਂ ਦੀ ਸਿਫ਼ਾਰਿਸ਼ ਨਾਲੋਂ ਜ਼ਿਆਦਾ, ਬੇਲੋੜੀ ਵਰਤੋਂ ਨਾ ਕੀਤੀ ਜਾਵੇ। ਬੇਲੋੜੀ ਨਾਈਟ੍ਰੋਜਨ ਖਾਦ ਫ਼ਸਲ ਨੂੰ ਵਧੇਰੇ ਹਰਿਆ-ਭਰਿਆ ਕਰਕੇ ਇਸ ਵਿਚਲੀ ਨਮੀ ਨੂੰ ਵਧਾਉਂਦੀ ਹੈ ਜੋ ਕਿ ਬਿਮਾਰੀ ਦੇ ਵਿਕਾਸ ਵਿੱਚ ਸਹਾਈ ਹੁੰਦੀ ਹੈ। ਖਾਦ ਦੀ ਵਰਤੋਂ ਮਿੱਟੀ ਦੀ ਪਰਖ ਆਧਾਰਿਤ ਕੀਤੀ ਗਈ ਸਿਫ਼ਾਰਿਸ਼ ਅਨੁਸਾਰ ਹੀ ਕੀਤੀ ਜਾਵੇ।

★ ਫ਼ਸਲ ਨੂੰ ਬੇਲੋੜੀ ਸਿੰਚਾਈ ਨਹੀਂ ਕਰਨੀ ਚਾਹੀਦੀ। ਖੇਤ ਵਿੱਚ ਗਿੱਲ ਰੱਖਣ ਅਤੇ ਸੁਕਾਉਣ ਦੇ ਬਦਲਵੇਂ ਚੱਕਰ ਨੂੰ ਅਪਣਾ ਕੇ ਵੀ ਨਮੀਂ ਨੂੰ ਘਟਾਇਆ ਜਾ ਸਕਦਾ ਹੈ।

# ਨਰਮੇ 'ਤੇ ਚਿੱਟੀ ਮੱਖੀ ਦੀ ਸਰਵਪੱਖੀ ਰੋਕਥਾਮ

ਨਰਮਾ ਪੰਜਾਬ ਦੇ ਦੱਖਣ-ਪੱਛਮੀ ਜ਼ਿਲਿਆਂ ਦੀ ਪ੍ਰਮੁੱਖ ਫ਼ਸਲ ਹੈ। ਮੌਸਮ




ਮੁਤਾਬਿਕ ਨਰਮੇ ਉੱਪਰ ਕਈ ਤਰ੍ਹਾਂ ਦੇ ਕੀੜਿਆਂ ਦਾ ਹਮਲਾ ਹੁੰਦਾ ਹੈ। ਕਿਸਾਨ ਵੀਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹਿਣ। ਚਿੱਟੀ ਮੱਖੀ ਦੇ ਬੱਚੇ



ਅਤੇ ਬਾਲਗ ਦੋਵੇਂ ਪੱਤਿਆਂ ਤੋਂ ਰਸ ਚੂਸਦੇ ਹਨ, ਜਿਸ ਦੇ ਸਿੱਟੇ ਵਜੋਂ ਪੱਤੇ ਪੀਲੇ ਪੈ ਜਾਂਦੇ ਹਨ ਅਤੇ ਪੱਤੇ ਦੇ ਉੱਪਰਲੇ ਹਿੱਸੇ ਤੇ ਆਪਣਾ ਮੱਲ ਤਿਆਗ (ਚਿਪਚਿਪਾ) ਕਰਦੇ ਹਨ, ਜਿਸ ਉੱਪਰ ਬਾਅਦ ਵਿੱਚ ਕਾਲੀ ਉੱਲੀ ਲੱਗ ਜਾਂਦੀ ਹੈ। ਇਹ ਮੱਖੀ ਨਰਮੇ ਵਿੱਚ ਪੱਤਾ ਮਰੋੜ ਬਿਮਾਰੀ (ਲੀਫ ਕਰਲ) ਵੀ ਫੈਲਾਉਂਦੀ ਹੈ। ਚਿੱਟੀ ਮੱਖੀ ਦੀ ਸਰਵਪੱਖੀ ਰੋਕਥਾਮ ਲਈ ਛਿੜਕਾਅ ਉਸ ਸਮੇਂ ਸ਼ੁਰੂ ਕਰੋ ਜਦੋਂ ਬੂਟੇ ਦੇ ਉੱਪਰਲੇ ਹਿੱਸੇ ਵਿੱਚ ਸਵੇਰ ਨੂੰ 10 ਵਜੇ ਤੋਂ ਪਹਿਲਾਂ ਇਸ ਦੀ ਗਿਣਤੀ ਪ੍ਰਤੀ ਪੱਤਾ 6 ਹੋ ਜਾਵੇ। ਇਸ ਦੇ ਸਰਵੇਖਣ ਲਈ ਇੱਕ ਏਕੜ ਖੇਤ ਵਿੱਚੋਂ 10 ਬੂਟਿਆਂ ਦੀ ਚੋਣ ਕਰੋ ਅਤੇ ਇੱਕ ਬੂਟੇ ਦੇ ਉੱਪਰਲੀ ਛੱਤਰੀ ਦੇ ਤਿੰਨ ਪੱਤਿਆਂ ਤੋਂ ਚਿੱਟੀ ਮੱਖੀ ਦੀ ਗਿਣਤੀ ਕਰੋ। ਜੇਕਰ 6 ਚਿੱਟੀ ਮੱਖੀ ਪ੍ਰਤੀ ਪੱਤਾ ਨਜ਼ਰ ਆਵੇ ਤਾਂ ਹੇਠਾਂ ਦੱਸੀਆਂ ਕੀਟਨਾਸ਼ਕਾਂ ਦਾ ਛਿੜਕਾਅ ਕਰੋ।

★ ਚਿੱਟੀ ਮੱਖੀ ਦਾ ਹਮਲਾ ਹੋਣ ਤੇ ਸ਼ੁਰੂਆਤੀ ਅਵਸਥਾ ਵਿੱਚ ਇੱਕ ਲਿਟਰ ਨਿੰਬੀਸੀਡੀਨ ਜਾਂ ਅਚੂਕ ਜਾਂ 1200 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਪੀ. ਏ. ਯੂ. ਦੁਆਰਾ ਤਿਆਰ ਕੀਤਾ ਗਿਆ ਨਿੰਮ ਦੇ ਘੋਲ ਦਾ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ਕਿਉਂਕਿ ਇਹ ਮਿੱਤਰ ਕੀੜਿਆਂ ਲਈ ਸੁਰੱਖਿਅਤ ਹਨ।

ਬਾਕੀ ਸਫਾ 6 'ਤੇ



ਖੇਤੀ ਦੁਨੀਆਂ
ਪੰਜਾਬੀ ਖੇਤੀਬਾੜੀ ਸਪਤਾਹਿਕ
KHETI DUNIYAN
An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 34
ਮਿਤੀ 22-08-2026

ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ

ਨੋਟ
- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।

Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
RNI No.**PUNPUN00806**

# ਕਦੋਂ ਤੱਕ ਮਾਨਸੂਨ ਵਾਰ-ਵਾਰ ਦੀ ਅਸਫ਼ਲਤਾ ਦਾ ਮੌਸਮ ਬਣਿਆ ਰਹੇਗਾ


ਹਰ ਮਾਨਸੂਨ ਵਿੱਚ, ਭਾਰਤ ਇੱਕ ਜਾਣੀ-ਪਛਾਣੀ ਅਸਫ਼ਲਤਾ ਨੂੰ ਦੁਹਰਾਉਂਦਾ ਹੈ। ਸੜਕਾਂ ਦਰਿਆਵਾਂ ਵਿੱਚ ਬਦਲ ਜਾਂਦੀਆਂ ਹਨ, ਅੰਡਰਪਾਸ ਪਾਣੀ ਹੇਠ ਗਾਇਬ ਹੋ ਜਾਂਦੇ ਹਨ ਅਤੇ ਸ਼ਹਿਰ ਠੱਪ ਹੋ ਜਾਂਦੇ ਹਨ। ਮਹਿੰਗੀਆਂ ਕਾਰਾਂ ਅਤੇ ਐੱਸ. ਯੂ. ਵੀ ਅਕਸਰ ਡੂੰਘੇ ਪਾਣੀ ਵਿੱਚ ਫਸ ਜਾਂਦੀਆਂ ਹਨ, ਉਨ੍ਹਾਂ ਦੇ ਇੰਜਨ ਖ਼ਰਾਬ ਹੋ ਜਾਂਦੇ ਹਨ ਅਤੇ ਉਨ੍ਹਾਂ ਦੇ ਮਾਲਕ ਕੁੱਝ ਹੀ ਘੰਟਿਆਂ ਵਿੱਚ ਸਾਲਾਂ ਦੀ ਬੱਚਤ ਨੂੰ ਖਾਕ ਹੁੰਦੇ ਦੇਖਦੇ ਹਨ।

ਆਵਾਜਾਈ ਪੂਰੀ ਤਰ੍ਹਾਂ ਰੁਕ ਜਾਂਦੀ ਹੈ, ਐਂਬੂਲੈਂਸਾਂ ਪਾਣੀ ਨਾਲ ਭਰੀਆਂ ਸੜਕਾਂ ਵਿੱਚੋਂ ਨਿਕਲਣ ਲਈ ਸੰਘਰਸ਼ ਕਰਦੀਆਂ ਹਨ ਅਤੇ ਰੋਜ਼ਾਨਾ ਜੀਵਨ ਅਰਾਜਕਤਾ ਵਿੱਚ ਬਦਲ ਜਾਂਦਾ ਹੈ। ਦਫ਼ਤਰਾਂ ਦੇ ਮੁਲਾਜ਼ਮ ਉਨ੍ਹਾਂ ਸੜਕਾਂ 'ਤੇ ਘੰਟਿਆਂਬੱਧੀ ਫਸੇ ਰਹਿੰਦੇ ਹਨ, ਜੋ ਖੜ੍ਹੇ ਪਾਣੀ ਦੇ ਛੱਪੜਾਂ ਵਿੱਚ ਤਬਦੀਲ ਹੋ ਚੁੱਕੀਆਂ ਹਨ। ਸਕੂਲ ਬੱਸਾਂ ਫਸੀਆਂ ਹੁੰਦੀਆਂ ਹਨ। ਡਿਲਿਵਰੀ ਵਰਕਰ ਆਪਣੇ ਪੂਰੇ ਦਿਨ ਦੀ ਕਮਾਈ ਗੁਆ ਦਿੰਦੇ ਹਨ। ਬਹਾਨਾ ਆਮ ਤੌਰ 'ਤੇ 'ਗੈਰ ਅਸਾਧਾਰਨ ਤੌਰ 'ਤੇ ਭਾਰੀ ਮੀਂਹ' ਹੁੰਦਾ ਹੈ ਪਰ ਭਾਰਤ ਵਿੱਚ ਮਾਨਸੂਨ ਤਾਂ ਹਮੇਸ਼ਾ ਹੀ ਆਉਂਦਾ ਹੈ। ਅਸਲ ਮੁੱਦਾ ਮੀਂਹ ਨਹੀਂ, ਸਗੋਂ ਮਜ਼ਬੂਤ ਅਤੇ ਲਚਕੀਲੇ ਸ਼ਹਿਰੀ ਬੁਨਿਆਦੀ ਢਾਂਚੇ ਦੀ ਅਣਹੋਂਦ ਹੈ, ਜੋ ਅੰਦਾਜ਼ੇਯੋਗ ਮੌਸਮ ਨੂੰ ਸੌਖਿਆਂ ਸੰਭਾਲ ਸਕੇ।

ਕਈ ਪ੍ਰਮੁੱਖ ਸ਼ਹਿਰਾਂ ਵਿੱਚ ਸਥਿਤੀ ਸਿਰਫ਼ ਅਸੁਵਿਧਾ ਤੱਕ ਸੀਮਤ ਨਹੀਂ ਰਹਿੰਦੀ, ਸਗੋਂ ਜਾਨੀ ਖ਼ਤਰਾ ਬਣ ਜਾਂਦੀ ਹੈ। ਦਿੱਲੀ, ਗੁਰੂਗ੍ਰਾਮ, ਮੁੰਬਈ ਅਤੇ ਬੈਂਗਲੁਰੂ ਦੇ ਕੁਝ ਹਿੱਸਿਆਂ ਵਿੱਚ ਪਾਣੀ ਭਰਨ ਦੀ ਸਮੱਸਿਆ ਇੰਨੀ ਗੰਭੀਰ ਹੈ ਕਿ ਖੁੱਲ੍ਹੇ ਬਿਜਲੀ ਦੇ ਖੰਭੇ, ਟੁੱਟੀਆਂ ਤਾਰਾਂ ਅਤੇ ਪਾਣੀ ਵਿੱਚ ਡੁੱਬੇ ਜੰਕਸ਼ਨ ਬਾਕਸਾਂ ਤੋਂ ਕਰੰਟ ਲੱਗਣ ਦਾ ਅਸਲ ਖ਼ਤਰਾ ਪੈਦਾ ਹੋ ਜਾਂਦਾ ਹੈ।

ਗੋਡਿਆਂ ਜਾਂ ਲੱਕ ਤੱਕ ਡੂੰਘੇ ਪਾਣੀ ਵਿੱਚੋਂ ਲੰਘਣ ਵਾਲੇ ਲੋਕਾਂ ਨੂੰ ਅਕਸਰ ਪਤਾ ਹੀ ਨਹੀਂ ਹੁੰਦਾ ਕਿ ਪਾਣੀ ਹੇਠਾਂ ਕੀ ਹੈ- ਲਾਈਵ ਬਿਜਲੀ ਦੀਆਂ ਤਾਰਾਂ, ਖੁੱਲ੍ਹੇ ਮੇਨਹੋਲ ਜਾਂ ਨੁਕਸਾਨੇ ਗਏ ਟਰਾਂਸਫਾਰਮਰ। ਹਰ ਸਾਲ, ਪਾਣੀ ਵਿੱਚ ਡੁੱਬੀਆਂ ਸੜਕਾਂ 'ਤੇ ਕਰੰਟ ਲੱਗਣ ਨਾਲ ਹਾਦਸਿਆਂ ਅਤੇ ਮੌਤਾਂ ਦੀਆਂ ਖ਼ਬਰਾਂ ਆਉਂਦੀਆਂ ਹਨ।

ਉੱਚੀਆਂ ਇਮਾਰਤਾਂ, ਐਕਸਪ੍ਰੈਸਵੇਅ ਅਤੇ ਵਪਾਰਕ ਕੇਂਦਰਾਂ ਦੇ ਤੇਜ਼ੀ ਨਾਲ ਫੈਲਣ ਦੇ ਬਾਵਜੂਦ, ਜਲ ਨਿਕਾਸੀ ਅਤੇ ਸੀਵਰੇਜ ਸਿਸਟਮ ਨਾਕਾਫੀ ਸਾਬਤ ਹੁੰਦੇ ਹਨ। ਥੋੜ੍ਹੀ ਦੇਰ ਦਾ ਮੀਂਹ ਵੀ ਸ਼ਹਿਰੀ ਯੋਜਨਾਬੰਦੀ ਦੀਆਂ ਖ਼ਾਮੀਆਂ ਨੂੰ ਨੰਗਾ ਕਰ ਦਿੰਦਾ ਹੈ। ਨੁਕਸਾਨ ਸਿਰਫ਼ ਕਾਰਾਂ ਦਾ ਨਹੀਂ ਹੁੰਦਾ, ਸਗੋਂ ਘਰਾਂ, ਕਾਰੋਬਾਰਾਂ ਅਤੇ ਜ਼ਰੂਰੀ ਸੇਵਾਵਾਂ ਤੱਕ ਫੈਲ ਜਾਂਦਾ ਹੈ। ਦਫ਼ਤਰ ਦੁਪਹਿਰ ਨੂੰ ਬੰਦ ਹੋ ਜਾਂਦੇ ਹਨ। ਆਈ. ਟੀ. ਪਾਰਕਾਂ ਦਾ ਕੰਮਕਾਜ ਠੱਪ ਹੋ ਜਾਂਦਾ ਹੈ। ਛੋਟੇ ਕਾਰੋਬਾਰਾਂ ਦਾ ਸਾਮਾਨ ਖਰਾਬ ਹੋ ਜਾਂਦਾ ਹੈ। ਮੁਲਾਜ਼ਮਾਂ ਦੀ ਦਿਹਾੜੀ ਮਾਰੀ ਜਾਂਦੀ ਹੈ ਕਿਉਂਕਿ ਉਹ ਆਪਣੇ ਕੰਮ ਵਾਲੀ ਥਾਂ ਤੱਕ ਪਹੁੰਚ ਹੀ ਨਹੀਂ ਸਕਦੇ। ਇੱਕ ਭਾਰੀ ਮੀਂਹ ਕੁੱਝ ਹੀ ਘੰਟਿਆਂ ਵਿੱਚ ਲੱਖਾਂ ਰੁਪਏ ਦੀ ਆਰਥਿਕ ਗਤੀਵਿਧੀ ਨੂੰ ਤਬਾਹ ਕਰ ਸਕਦਾ ਹੈ।



ਇਹ ਸਮੱਸਿਆ ਸਿਰਫ਼ ਐੱਨ. ਸੀ. ਆਰ. ਤੱਕ ਹੀ ਸੀਮਤ ਨਹੀਂ ਹੈ। ਮੁੰਬਈ ਨੂੰ ਹਰ ਸਾਲ ਇਸ ਆਫ਼ਤ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਲੋਕਲ ਟ੍ਰੇਨਾਂ ਹੌਲੀ ਹੋ ਜਾਂਦੀਆਂ ਹਨ ਜਾਂ ਰੁਕ ਜਾਂਦੀਆਂ ਹਨ ਅਤੇ ਸਾਇਨ, ਕੁਰਲਾ, ਅੰਧੇਰੀ ਤੇ ਦਾਦਰ ਵਰਗੇ ਨੀਵੇਂ ਇਲਾਕਿਆਂ ਵਿੱਚ ਵਾਰ-ਵਾਰ ਹੜ੍ਹ ਆ ਜਾਂਦੇ ਹਨ। ਸ਼ਹਿਰ ਦੀ ਜੀਵਨ ਰੇਖਾ ਮੰਨਿਆ ਜਾਣ ਵਾਲਾ ਲੋਕਲ ਟ੍ਰੇਨ ਨੈੱਟਵਰਕ ਠੱਪ ਹੋ ਜਾਂਦਾ ਹੈ, ਜਿਸ ਨਾਲ ਲੱਖਾਂ ਲੋਕ ਪਲੇਟਫਾਰਮਾਂ ਜਾਂ ਭੀੜ-ਭੜੱਕੇ ਵਾਲੇ ਸਟੇਸ਼ਨਾਂ 'ਤੇ ਫਸ ਕੇ ਰਹਿ ਜਾਂਦੇ ਹਨ। ਚੇਨਈ ਨੇ ਵੀ ਭਿਆਨਕ ਸ਼ਹਿਰੀ ਹੜ੍ਹ ਦੇਖੇ ਹਨ, ਜਿੱਥੇ ਪੂਰੇ ਦੇ ਪੂਰੇ ਇਲਾਕੇ ਪਾਣੀ ਵਿੱਚ ਡੁੱਬ ਗਏ ਸਨ ਅਤੇ ਆਈ. ਟੀ. ਕਾਰੀਡੋਰ ਕਈ ਦਿਨਾਂ ਲਈ ਕੱਟੇ ਗਏ ਹਨ। ਇਸ ਦਾ ਨਤੀਜਾ ਸਿਰਫ਼ ਪ੍ਰੇਸ਼ਾਨੀ ਨਹੀਂ, ਸਗੋਂ ਵੱਡੇ ਪੱਧਰ 'ਤੇ ਆਰਥਿਕ ਤਾਲਾਬੰਦੀ ਹੁੰਦਾ ਹੈ।

ਕਈ ਰਾਜਾਂ ਵਿੱਚ ਹਾਲ ਹੀ ਵਿੱਚ ਬਣੇ ਰਾਜਮਾਰਗ ਭਾਰੀ ਮੀਂਹ ਤੋਂ ਬਾਅਦ ਜਲਦੀ ਹੀ ਟੋਇਆਂ, ਦਰਾਰਾਂ ਅਤੇ ਟੁੱਟ-ਭੱਜ ਦਾ ਸ਼ਿਕਾਰ ਹੋ ਜਾਂਦੇ ਹਨ। ਨਵੇਂ ਬਣੇ ਫਲਾਈਓਵਰਾਂ ਦੇ ਰੈਂਪਾਂ 'ਤੇ ਪਾਣੀ ਭਰ ਜਾਣਾ, ਜਲ ਨਿਕਾਸੀ ਦਾ ਖ਼ਰਾਬ ਡਿਜ਼ਾਈਨ ਅਤੇ ਮਾੜੀ ਉਸਾਰੀ ਸਾਫ਼ ਨਜ਼ਰ ਆਉਣ ਲੱਗਦੀ ਹੈ। ਤਰੱਕੀ ਦੀਆਂ ਨਿਸ਼ਾਨੀਆਂ ਮੰਨੇ ਜਾਣ ਵਾਲੇ ਇਹ ਪ੍ਰਾਜੈਕਟ ਜਲਦਬਾਜ਼ੀ ਵਿੱਚ ਕੀਤੇ ਗਏ ਕੰਮ, ਪੈਸੇ ਦੀ ਬੱਚਤ ਦੇ ਚੱਕਰ ਅਤੇ ਕਮਜ਼ੋਰ ਨਿਗਰਾਨੀ ਦੀ ਅਸਲ ਤਸਵੀਰ ਪੇਸ਼ ਕਰਦੇ ਹਨ।

ਜਦੋਂ ਬੁਨਿਆਦੀ ਢਾਂਚਾ ਬਣਨ ਤੋਂ ਕੁੱਝ ਮਹੀਨਿਆਂ ਜਾਂ ਸਾਲਾਂ ਵਿੱਚ ਹੀ ਟੁੱਟਣ ਲੱਗੇ, ਤਾਂ ਇਹ ਸਿਰਫ਼ ਇੰਜੀਨੀਅਰਿੰਗ ਦੀ ਅਸਫ਼ਲਤਾ ਨਹੀਂ, ਸਗੋਂ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਅਤੇ ਜਵਾਬਦੇਹੀ ਦੀ ਘਾਟ ਦਾ ਸਪੱਸ਼ਟ ਸੰਕੇਤ ਹੁੰਦਾ ਹੈ।

ਪ੍ਰਮੁੱਖ ਸਰਕਾਰੀ ਅਤੇ ਜਨਤਕ ਢਾਂਚੇ ਵੀ ਇਸ ਤੋਂ ਬਚੇ ਨਹੀਂ ਹਨ। ਹਵਾਈ ਅੱਡੇ, ਜਿਨ੍ਹਾਂ ਨੂੰ ਅਕਸਰ ਵਿਸ਼ਵ ਪੱਧਰੀ ਉਪਲਬਧੀਆਂ ਵਜੋਂ ਪੇਸ਼ ਕੀਤਾ ਜਾਂਦਾ ਹੈ, ਉੱਥੇ ਹੀ ਪਾਣੀ ਦਾ ਰਿਸਣਾ ਅਤੇ ਛੱਤਾਂ ਟੁੱਟਣ ਵਰਗੇ ਮਾਮਲੇ ਸਾਹਮਣੇ ਆਏ ਹਨ। ਪਿਛਲੇ ਸਾਲ ਦਿੱਲੀ ਹਵਾਈ ਅੱਡੇ 'ਤੇ ਛੱਤ ਦਾ ਡਿੱਗਣਾ ਇਸ ਗੱਲ ਦੀ ਯਾਦ ਦਿਵਾਉਂਦਾ ਹੈ ਕਿ ਆਧੁਨਿਕ ਦਿੱਖ ਸੁਰੱਖਿਆ ਜਾਂ ਮਜ਼ਬੂਤੀ ਦੀ ਗਾਰੰਟੀ ਨਹੀਂ ਹੁੰਦੀ।

ਇਹ ਇੱਕ ਮੌਲਿਕ ਸਵਾਲ ਖੜ੍ਹਾ ਕਰਦਾ ਹੈ- ਕੀ ਅਸੀਂ ਇੰਜਨੀਅਰਿੰਗ ਦੀ ਗੁਣਵੱਤਾ, ਚੈਕਿੰਗ ਪ੍ਰਣਾਲੀਆਂ ਅਤੇ ਲੰਬੇ ਸਮੇਂ ਤੱਕ ਸੰਭਾਲ ਦੀ ਅਣਦੇਖੀ ਕਰ ਕੇ ਸਿਰਫ਼ ਦਿਖਾਵੇ ਦੇ ਪ੍ਰਾਜੈਕਟਾਂ ਅਤੇ ਵੱਡੇ ਉਦਘਾਟਨਾਂ ਨੂੰ ਪਹਿਲ ਦੇ ਰਹੇ ਹਾਂ ? ਕੋਈ ਵੀ ਦੇਸ਼ ਵਿਕਾਸ ਦਾ ਦਾਅਵਾ ਨਹੀਂ ਕਰ ਸਕਦਾ ਜੇਕਰ ਉਸ ਦਾ ਮੁੱਖ ਬੁਨਿਆਦੀ ਢਾਂਚਾ ਆਮ ਜਿਹੇ ਮੌਸਮ ਵਿੱਚ ਹੀ ਅਸਫਲ ਹੋ ਜਾਂਦਾ ਹੈ।

ਇਸ ਸਾਰੇ ਸੰਕਟ ਦੀ ਜੜ੍ਹ ਪ੍ਰਸ਼ਾਸਨ ਦੀ ਅਸਫ਼ਲਤਾ ਹੈ। ਨਗਰ ਨਿਗਮਾਂ ਕੋਲ ਮਨਜ਼ੂਰੀਆਂ ਦੇਣ, ਜਾਂਚ ਕਰਨ ਅਤੇ ਕਾਨੂੰਨ ਲਾਗੂ ਕਰਨ ਦੀ ਤਾਕਤ ਹੈ, ਫਿਰ ਵੀ ਜਵਾਬਦੇਹੀ ਬਹੁਤ ਕਮਜ਼ੋਰ ਹੈ। ਵਾਰ-ਵਾਰ ਸ਼ਿਕਾਇਤਾਂ ਮਿਲਣ ਦੇ ਬਾਵਜੂਦ ਗੈਰ-ਕਾਨੂੰਨੀ ਉਸਾਰੀਆਂ ਜਾਰੀ ਰਹਿੰਦੀਆਂ ਹਨ। ਪਾਣੀ ਨਿਕਾਸ ਵਾਲੇ ਨਾਲਿਆਂ 'ਤੇ ਇਮਾਰਤਾਂ, ਪਾਰਕਿੰਗਾਂ ਅਤੇ ਦੁਕਾਨਾਂ ਵੱਲੋਂ ਕਬਜ਼ੇ ਕਰ ਲਏ ਜਾਂਦੇ ਹਨ।

ਪਾਣੀ ਦੇ ਕੁਦਰਤੀ ਵਹਾਅ ਦੇ ਰਸਤੇ ਰੋਕ ਦਿੱਤੇ ਜਾਂਦੇ ਹਨ, ਜਿਸ ਕਾਰਨ ਮੀਂਹ ਦਾ ਪਾਣੀ ਸੜਕਾਂ ਅਤੇ ਰਿਹਾਇਸ਼ੀ ਇਲਾਕਿਆਂ ਵਿੱਚ ਵੜਨ ਲਈ ਮਜ਼ਬੂਰ ਹੋ ਜਾਂਦਾ ਹੈ। ਵੱਖ-ਵੱਖ ਕੰਮਾਂ ਲਈ ਸੜਕਾਂ ਨੂੰ ਵਾਰ-ਵਾਰ ਪੁੱਟਿਆ ਜਾਂਦਾ ਹੈ ਅਤੇ ਫਿਰ ਬਹੁਤ ਮਾੜੇ ਤਰੀਕੇ ਨਾਲ ਮੁਰੰਮਤ ਕੀਤੀ ਜਾਂਦੀ ਹੈ, ਜਿਸ ਨਾਲ ਉੱਬੜ-ਖਾਬੜ ਸੜਕਾਂ ਬਣ ਜਾਂਦੀਆਂ ਹਨ ਅਤੇ ਹੜ੍ਹ ਵਰਗੀ ਸਥਿਤੀ ਹੋਰ ਵਿਗੜ ਜਾਂਦੀ ਹੈ।

ਭਾਰਤ ਨੂੰ ਤੇਜ਼ੀ ਨਾਲ ਉਸਾਰੀ ਕਰਨ ਪਰ ਬਾਅਦ ਵਿੱਚ ਕਾਨੂੰਨ ਨਾ ਲਾਗੂ ਕਰਨ ਅਤੇ ਆਫ਼ਤ ਆਉਣ ਤੋਂ ਬਾਅਦ ਇੱਕ-ਦੂਜੇ ਤੇ ਦੋਸ਼ ਮੜ੍ਹਨ ਦੇ ਇਸ ਚੱਕਰ ਨੂੰ ਹੁਣ ਖ਼ਤਮ ਕਰਨਾ ਪਵੇਗਾ।

ਇਮਾਰਤਾਂ ਦੀਆਂ ਮਨਜ਼ੂਰੀਆਂ ਅਤੇ ਜਾਂਚ-ਪ੍ਰਕਿਰਿਆ ਪਾਰਦਰਸ਼ੀ ਅਤੇ ਆਨਲਾਈਨ ਹੋਣੀ ਚਾਹੀਦੀ ਹੈ ਤਾਂ ਜੋ ਆਸਾਨੀ ਨਾਲ ਪਤਾ ਲੱਗ ਸਕੇ। ਸ਼ਿਕਾਇਤਾਂ ਦਾ ਨਿਪਟਾਰਾ ਤੈਅ ਸਮੇਂ ਵਿੱਚ ਹੋਣਾ ਚਾਹੀਦਾ ਹੈ, ਨਾ ਕਿ ਉਨ੍ਹਾਂ ਨੂੰ ਲੰਬੇ ਸਮੇਂ ਲਈ ਲਟਕਾਇਆ ਜਾਵੇ। ਵਾਰ-ਵਾਰ ਲਾਪਰਵਾਹੀ ਵਰਤਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ, ਜਿਸ ਵਿੱਚ ਜੁਰਮਾਨੇ ਅਤੇ ਅਹੁਦੇ ਤੋਂ ਹਟਾਉਣਾ ਸ਼ਾਮਲ ਹੋਵੇ। ਘਟੀਆ ਕੰਮ ਕਰਨ ਵਾਲੇ ਠੇਕੇਦਾਰਾਂ ਨੂੰ ਬਲੈਕਲਿਸਟ ਕੀਤਾ ਜਾਵੇ ਅਤੇ ਉਨ੍ਹਾਂ ਦੀ ਆਰਥਿਕ ਜਵਾਬਦੇਹੀ ਤੈਅ ਕੀਤੀ ਜਾਵੇ। ਪਾਣੀ ਦੇ ਕੁਦਰਤੀ ਨਿਕਾਸ ਪ੍ਰਣਾਲੀਆਂ, ਝੀਲਾਂ, ਗਿੱਲੀਆਂ ਜ਼ਮੀਨਾਂ ਅਤੇ ਹੜ੍ਹ ਮੈਦਾਨਾਂ ਨੂੰ ਰੀਅਲ ਅਸਟੇਟ ਦੇ ਲਾਲਚ ਵਿੱਚ ਤਬਾਹ ਕਰਨ ਦੀ ਬਜਾਏ ਬਚਾਇਆ ਜਾਣਾ ਚਾਹੀਦਾ ਹੈ।

ਜੇਕਰ ਅਧਿਕਾਰੀਆਂ ਕੋਲ ਉਸਾਰੀ ਦੀ ਮਨਜ਼ੂਰੀ ਦੇਣ ਦੀ ਤਾਕਤ ਹੈ, ਤਾਂ ਉਨ੍ਹਾਂ ਕੋਲ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਦੀ ਜ਼ਿੰਮੇਵਾਰੀ ਵੀ ਹੋਣੀ ਚਾਹੀਦੀ ਹੈ। ਜੇਕਰ ਉਨ੍ਹਾਂ ਨੂੰ ਸ਼ਿਕਾਇਤਾਂ ਮਿਲਦੀਆਂ ਹਨ, ਤਾਂ ਉਨ੍ਹਾਂ ਨੂੰ ਤੁਰੰਤ ਐਕਸ਼ਨ ਲੈਣਾ ਚਾਹੀਦਾ ਹੈ। ਜੇਕਰ ਅਧਿਕਾਰੀ ਨਿਯਮਾਂ ਦੀ ਉਲੰਘਣਾ ਨੂੰ ਅਣਡਿੱਠ ਕਰਦੇ ਹਨ, ਤਾਂ ਉਨ੍ਹਾਂ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ ਅਤੇ ਜੇਕਰ ਭ੍ਰਿਸ਼ਟਾਚਾਰ ਪਾਇਆ ਜਾਂਦਾ ਹੈ, ਤਾਂ ਬਿਨਾਂ ਕਿਸੇ ਝਿਜਕ ਦੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

ਭਾਰਤ ਵਿੱਚ ਇੱਛਾ ਸ਼ਕਤੀ ਜਾਂ ਪੈਸੇ ਦੀ ਕੋਈ ਕਮੀ ਨਹੀਂ ਹੈ, ਕਮੀ ਸਿਰਫ਼ ਕਾਨੂੰਨ ਦੀ ਸ਼ਖ਼ਤੀ ਨਾਲ ਪਾਲਣਾ, ਇਮਾਨਦਾਰੀ ਅਤੇ ਸਮੇਂ ਸਿਰ ਫ਼ੈਸਲੇ ਲੈਣ ਦੀ ਹੈ। ਜਦੋਂ ਤੱਕ ਇਹ ਸਭ ਨਹੀਂ ਬਦਲਦਾ, ਹਰ ਮਾਨਸੂਨ ਸਿਰਫ਼ ਮੀਂਹ ਦਾ ਮੌਸਮ ਨਹੀਂ ਰਹੇਗਾ, ਅਜੋਕੀ ਤਰੱਕੀ ਦੀ ਦੁਨੀਆਂ ਵਿੱਚ ਇਹ ਇੱਕ ਵੱਡਾ ਦਾਗ ਹੈ। ਇਸ ਨਾਲ ਹਰ ਆਮ ਨਾਗਰਿਕ ਕਿਸੇ ਨਾ ਕਿਸੇ ਰੂਪ ਵਿੱਚ ਪੀੜਤ ਹੁੰਦਾ ਹੈ ਅਤੇ ਅਸੀਂ ਵਿਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਸਾਹਮਣੇ ਮਖੌਲ ਦਾ ਪਾਤਰ ਬਣ ਜਾਂਦੇ ਹਾਂ।

**- ਦੇਵੀ ਐੱਮ. ਚੇਰੀਅਨ**

# ਝੋਨੇ ਅਤੇ ਬਾਸਮਤੀ ਵਿੱਚ ਲੋੜ ਅਨੁਸਾਰ ਯੂਰੀਆ ਦੀ ਵਰਤੋਂ ਲਈ

## ਪੀ ਏ ਯੂ-ਪੱਤਾ ਰੰਗ ਚਾਰਟ ਵਿਧੀ

★ ਝੋਨੇ ਦੀ ਸਿੱਧੀ ਬਿਜਾਈ ਸਮੇਂ ਯੂਰੀਆ ਖਾਦ ਨਾ ਪਾਓ ।

★ ਖੇਤ ਦੀ ਬਿਜਾਈ ਤੋਂ 4 ਹਫਤੇ ਤੋਂ ਬਆਦ 25 ਕਿਲੋ ਯੂਰੀਆ ਪ੍ਰਤੀ ਏਕੜ ਪਾਉਣ ਤੋਂ ਬਆਦ

★ ਬਿਜਾਈ ਤੋਂ 6 ਹਫਤੇ ਬਾਅਦ, 7 ਦਿਨਾਂ ਦੇ ਅੰਤਰ ਤੇ ਪੱਤਿਆਂ ਦਾ ਰੰਗ ਪੀ ਏ ਯੂ-ਪੱਤਾ ਰੰਗ ਚਾਰਟ ਨਾਲ ਮਿਲਾਉਣਾ ਸ਼ੁਰੂ ਕਰੋ ।

★ ਹਰ ਵਾਰ ਖੇਤ ਵਿੱਚੋਂ 10 ਬੂਟਿਆਂ ਦੇ ਉੱਪਰੋਂ ਪੂਰੇ ਖੁੱਲੇ ਪਹਿਲੇ ਪੱਤੇ ਦਾ ਰੰਗ, ਬੂਟੇ ਨਾਲੋਂ ਤੋੜੇ ਬਿਨਾਂ ਪੱਤਾ ਰੰਗ ਚਾਰਟ ਨਾਲ ਆਪਣੇ ਪਰਛਾਵੇਂ ਵਿਚ ਮਿਲਾਓ ।


★ ਜਦੋਂ ਵੀ 10 ਵਿੱਚੋਂ 6 ਜਾਂ ਵੱਧ ਪੱਤਿਆਂ ਦਾ ਰੰਗ ਟਿੱਕੀ ਨੰਬਰ 4 ਤੋਂ ਫਿੱਕਾ ਹੋਵੇ 30 ਕਿਲੋ ਯੂਰੀਆਂ ਪ੍ਰਤੀ ਏਕੜ ਪਾਓ ।

★ ਜੇ ਪੱਤਿਆਂ ਦਾ ਰੰਗ ਟਿੱਕੀ ਨੰਬਰ 4 ਦੇ ਬਰਾਬਰ ਜਾਂ ਗੂੜਾ ਹੋਵੇ ਤਾਂ ਹੋਰ ਯੂਰੀਆ ਖਾਦ ਦੀ ਵਰਤੋਂ ਨਾ ਕਰੋ ।

★ ਝੋਨੇ ਦੇ ਨਿਸਰਨ ਤੋਂ ਬਾਅਦ ਪੱਤਾ ਰੰਗ ਚਾਰਟ ਦੀ ਵਰਤੋਂ ਦੀ ਲੋੜ ਨਹੀਂ ਅਤੇ ਹੋਰ ਯੂਰੀਆ ਖਾਦ ਨਹੀਂ ਪਾਉਣੀ ਚਾਹੀਦੀ ।

**ਬਾਸਮਤੀ**

★ ਲੁਆਈ ਸਮੇਂ ਯੂਰੀਆ ਖਾਦ ਨਾ ਪਾਓ । ਪਨੀਰੀ ਲਾਉਣ ਤੋਂ 21 ਦਿਨ ਬਾਅਦ, 7 ਦਿਨਾਂ ਦੇ ਅੰਤਰ ਤੇ ਪੱਤਿਆਂ ਦਾ ਰੰਗ ਪੀ ਏ ਯੂ-ਪੱਤਾ ਰੰਗ ਚਾਰਟ ਨਾਲ ਮਿਲਾਉਣਾ ਸ਼ੁਰੂ ਕਰੋ ।



★ ਹਰ ਵਾਰ ਖੇਤ ਵਿਚ 10 ਪੌਦਿਆਂ ਦੇ ਉੱਪਰੋਂ ਪੂਰੇ ਖੁੱਲੇ ਪਹਿਲੇ ਪੱਤੇ ਦਾ ਰੰਗ ਪੌਦੇ ਨਾਲੋਂ ਤੋੜੇ ਬਿਨਾਂ ਪੱਤਾ ਰੰਗ ਚਾਰਟ ਨਾਲ ਆਪਣੇ ਪਰਛਾਵੇਂ ਵਿਚ ਮਿਲਾਓ ।

★ ਸੀ ਐਸ ਆਰ 30 ਕਿਸਮ ਦਾ ਰੰਗ ਟਿੱਕੀ ਨੰਬਰ 3.5 ਅਤੇ ਬਾਕੀ ਕਿਸਮਾਂ (ਪੰਜਾਬ ਬਾਸਮਤੀ 7 ਤੇ 5, ਪੂਸਾ ਬਾਸਮਤੀ 1121, 1509 ਅਤੇ 1718) ਦਾ ਰੰਗ ਟਿੱਕੀ ਨੰਬਰ 4 ਨਾਲ ਮਿਲਾਓ ।

★ ਜਦੋਂ 10 ਵਿੱਚੋਂ 6 ਜਾਂ ਵੱਧ ਪੱਤਿਆਂ ਦਾ ਰੰਗ ਸੰਬੰਧਤ ਟਿੱਕੀ ਤੋਂ ਫਿੱਕਾ ਹੋਵੇ 9 ਕਿਲੋ ਯੂਰੀਆ ਪ੍ਰਤੀ ਏਕੜ ਪਾਓ ।

★ ਜੇ ਪੱਤਿਆਂ ਦਾ ਰੰਗ ਚਾਰਟ ਦੀ ਸੰਬੰਧਤ ਟਿੱਕੀ ਦੇ ਬਰਾਬਰ ਜਾਂ ਗੂੜਾ ਹੋਵੇ ਹੋਰ ਯੂਰੀਆ ਦੀ ਵਰਤੋਂ ਨਾ ਕਰੋ ।

★ ਬਾਸਮਤੀ ਦੇ ਨਿਸਰਨ ਤੋਂ ਬਾਅਦ ਹੋਰ ਖਾਦ ਨਾ ਪਾਓ ।

ਨੋਟ : ਜਿਨ੍ਹਾਂ ਖੇਤਾਂ ਵਿਚ ਰੂੜੀ/ਹਰੀ ਖਾਦ ਜਾਂ ਹੋਰ ਜੈਵਿਕ ਖਾਦ ਦੀ ਵਰਤੋਂ ਕੀਤੀ ਹੋਵੇ ਉਨ੍ਹਾਂ ਖੇਤਾਂ ਵਿਚ ਪੱਤਾ ਰੰਗ ਚਾਰਟ ਦੀ ਵਰਤੋਂ ਵਿਸ਼ੇਸ਼ ਤੌਰ ਤੇ ਲਾਹੇਵੰਦ ਹੈ । ਪੱਤਾ ਰੰਗ ਚਾਰਟ ਦੀ ਵਰਤੋਂ ਸਮੇਂ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਤੋਂ ਰਹਿਤ ਪੌਦਿਆਂ ਦੇ ਪੱਤਿਆਂ ਦਾ ਰੰਗ ਹੀ ਪੱਤਾ ਰੰਗ ਚਾਰਟ ਨਾਲ ਮਿਲਾਓ । ਫਸਲ ਲਈ ਪਾਣੀ ਅਤੇ ਹੋਰ ਖੁਰਾਕੀ ਤੱਤਾਂ ਦੀ ਵਰਤੋਂ ਸਿਫਾਰਸ਼ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ ।

ਨੋਟ : ਪੱਤਾ ਰੰਗ ਚਾਰਟ ਨਾਲ ਰੰਗ ਮਿਲਾਉਣ ਲਈ ਚੁਣੇ ਬੂਟਿਆਂ ਉੱਪਰ ਬਿਮਾਰੀ / ਕੀੜਿਆਂ ਦਾ ਹਮਲਾ, ਪਾਣੀ ਦੀ ਔੜ ਜਾਂ ਹੋਰ ਖੁਰਾਕੀ ਤੱਤਾਂ ਦੀ ਘਾਟ ਨਹੀਂ ਹੋਣੀ ਚਾਹੀਦੀ । ਸਿੰਚਾਈ ਅਤੇ ਹੋਰ ਖੁਰਾਕੀ ਤੱਤਾਂ ਦੀ ਵਰਤੋਂ ਸਿਫਾਰਸ਼ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ । ਪੱਤਾ ਰੰਗ ਚਾਰਟ ਪੀ ਏ ਯੂ ਦੀ ਬੀਜਾਂ ਦੀ ਦੁਕਾਨ ਗੇਟ ਨੰ. 1 ਅਤੇ ਵੱਖ-ਵੱਖਰੇ ਜ਼ਿਲ੍ਹਿਆਂ ਵਿਚ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰਾਂ ਤੋਂ ਮਿਲਦਾ ਹੈ ।

**ਅਮਿਤ ਕੌਲ, ਗੋਬਿੰਦਰ ਸਿੰਘ ਅਤੇ ਕੇ. ਕੇ. ਗਿੱਲ, ਫਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ**
(ਮੋ. 81464-00233)

### ਬਰਸਾਤ ਦੇ ਮੌਸਮ ਵਿੱਚੋਂ ਕਟੁੰਬਾਂ ਨੂੰ ਬਰਸਾਤੀ ਪਾਣੀ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ

# ਵਰਖਾ ਰੁੱਤ ਵਿੱਚ ਸ਼ਹਿਦ ਮੱਖੀ ਕਟੁੰਬਾਂ ਦੀ ਸੰਭਾਲ

ਸ਼ਹਿਦ ਮੱਖੀ ਕਟੁੰਬਾਂ ਦੀ ਵਰਖਾ ਰੁੱਤੇ ਸਾਂਭ-ਸੰਭਾਲ ਕਰਨ ਲਈ ਹੇਠਾਂ ਦੱਸੇ ਨੁਕਤੇ ਅਪਨਾਓ ।

**ੳ. ਕਟੁੰਬਾਂ ਨੂੰ ਪਾਣੀ ਅਤੇ ਹੁੰਮਸ ਤੋਂ ਬਚਾਉਣਾ**

ਬਰਸਾਤ ਦੇ ਮੌਸਮ ਵਿੱਚ ਕਟੁੰਬਾਂ ਨੂੰ ਬਰਸਾਤੀ ਪਾਣੀ ਤੋਂ ਬਚਾਉਣਾ ਬਹੁਤ



ਜ਼ਰੂਰੀ ਹੈ । ਕਟੁੰਬਾਂ ਵਿੱਚ ਬਰਸਾਤੀ ਪਾਣੀ ਦੇ ਦਾਖਲੇ ਹੋਣ ਨਾਲ ਬੀਮਾਰੀ ਫੈਲਣ ਅਤੇ ਕਟੁੰਬਾਂ ਦੇ ਕਮਜ਼ੋਰ ਹੋਣ ਦਾ ਖਤਰਾ ਵੱਧ ਜਾਂਦਾ ਹੈ, ਜਿਸ ਤੋਂ ਬਚਾਅ ਲਈ ਹੇਠਾਂ ਦੱਸੇ ਉਪਰਾਲੇ ਕਰੋ ।

**1. ਕਟੁੰਬਾਂ ਲਈ ਸਹੀ ਜਗ੍ਹਾਂ ਦੀ ਚੋਣ** : ਸ਼ਹਿਦ ਮੱਖੀ ਕਟੁੰਬ ਹਮੇਸ਼ਾਂ ਲੋਹੇ ਦੇ ਸਟੈਂਡਾਂ 'ਤੇ ਟਿਕਾਓ । ਨੀਵੇਂ ਖੇਤਾਂ ਵਿੱਚ, ਜਿੱਥੇ ਬਰਸਾਤੀ ਪਾਣੀ ਆਮ ਇਕੱਠਾ ਹੁੰਦਾ ਹੋਏ, ਕਟੁੰਬ ਨਾ ਰੱਖੋ । ਜੇਕਰ ਸੰਭਵ ਹੋਏ ਤਾਂ ਸ਼ਹਿਦ ਮੱਖੀਆਂ ਦੇ ਕਟੁੰਬਾਂ ਦਾ ਮੂਹਰਲਾ ਗੇਟ ਵਾਲਾ ਪਾਸਾ ਥੋੜ੍ਹਾ ਨੀਵਾਂ ਰੱਖੋ ਤਾਂ ਜੋ ਬਰਸਾਤ ਦਾ ਪਾਣੀ ਕਟੁੰਬ ਦੇ ਗੇਟ ਵੱਲੋਂ ਅੰਦਰ ਦਾਖਲ ਨਾ ਹੋ ਸਕੇ ।

**2. ਮਿਆਰੀ ਲੱਕੜ ਵਾਲੇ ਬਕਸੇ ਵਰਤੋ** : ਸ਼ਹਿਦ ਮੱਖੀਆਂ ਨੂੰ ਨਰਮ, ਟਿਕਾਊ ਅਤੇ ਚੰਗੀ ਕੁਆਲਿਟੀ ਵਾਲੀ ਲੱਕੜ ਤੋਂ ਤਿਆਰ ਹੋਏ ਬਕਸਿਆਂ ਵਿੱਚ ਰੱਖ ਤਾਂ ਜੋ ਕਟੁੰਬਾਂ ਅੰਦਰ ਵਧੇਰੇ ਹੁੰਮਸ ਪੈਦਾ ਨਾ ਹੋਵੇ । ਕਟੁੰਬਾਂ ਲਈ ਕੈਲ ਦੀ ਲੱਕੜ ਬਹੁਤ ਢੁੱਕਵੀਂ ਹੁੰਦੀ ਹੈ ।

**3. ਝੀਥਾਂ ਅਤੇ ਦਰਾੜਾਂ ਨੂੰ ਸੀਲ ਕਰਨਾ** : ਕਟੁੰਬਾਂ ਵਿੱਚ ਵੱਡੀਆਂ ਝੀਥਾਂ / ਦਰਾੜਾਂ ਆਦਿ ਲਈ ਰੈਗੂਲਰ ਜਾਂਚ ਕਰਦੇ ਰਹੋ । ਅੰਬ, ਸਫੈਦੇ ਅਤੇ ਟਾਹਲੀ ਦੀ ਲੱਕੜੀ ਤੋਂ ਤਿਆਰ ਬਕਸਿਆਂ ਵਿੱਚ ਇਹ ਸਮੱਸਿਆ ਵਧੇਰੇ ਪੇਸ਼ ਆਉਂਦੀ ਹੈ ।

**ਅ. ਕਟੁੰਬ ਅੰਦਰਲੇ ਵਾਤਾਵਰਣ ਨੂੰ ਸੁਖਾਵਾਂ ਰੱਖਣਾ**

**1. ਕਟੁੰਬਾਂ ਦਾ ਨਿਰੀਖਣ ਅਤੇ ਸਫ਼ਾਈ** : ਵਰਖਾ ਰੁੱਤ ਦੀ ਸ਼ੁਰੂਆਤ ਵਿੱਚ ਹੀ ਬੋਟਮ ਬੋਰਡ 'ਤੇ ਪਏ ਕੂੜੇ-ਕਰਕਟ ਨੂੰ ਸਾਫ਼ ਕਰੋ । ਇਸ ਤੋਂ ਇਲਾਵਾ ਝੀਥਾਂ/ਤਰੇੜਾਂ ਵਿੱਚ ਛਿਪੇ ਮੋਮੀ ਕੀੜਿਆਂ ਦੇ ਅੰਡੇ ਅਤੇ ਸੁੰਡੀਆਂ ਨਸ਼ਟ ਕਰ ਦਿਉ ।

**2. ਕਟੁੰਬਾਂ ਨੂੰ ਹਵਾਦਾਰ ਬਣਾਉਣਾ** : ਕਟੁੰਬ ਦੇ ਆਲੇ-ਦੁਆਲੇ ਘਾਹ-ਫੂਸ,




ਨੀਵੀਆਂ ਟਾਹਣੀਆਂ/ਰੁਕਾਵਟਾਂ ਆਦਿ ਨੂੰ ਸਾਫ਼ ਕਰ ਦਿਉ । ਤਕੜੇ ਕਟੁੰਬਾਂ ਦੇ ਗੇਟ ਨੂੰ ਜ਼ਿਆਦਾ ਖੋਲ੍ਹ ਦਿਓ ਜਾਂ ਲੋੜ ਅਨੁਸਾਰ ਗੇਟ ਵਾਲੀ ਪੂਰੀ ਫੱਟੀ ਕੱਢ ਦਿਉ ।

**ੲ. ਕਟੁੰਬਾਂ ਲਈ ਖੁਰਾਕ ਦਾ ਜ਼ਰੂਰੀ ਪ੍ਰਬੰਧ**

ਗਰਮ ਵਾਤਾਵਰਨ, ਕਟੁੰਬ ਵਿੱਚ ਪੈਦਾ ਹੋਈ ਹੁੰਮਸ ਅਤੇ ਲਗਾਤਾਰ ਬਰਸਾਤਾਂ, ਸ਼ਹਿਦ ਮੱਖੀਆਂ ਦੇ ਕੰਮ ਅਤੇ ਕਟੁੰਬ ਵਿੱਚ ਨੈਕਟਰ ਅਤੇ ਪੋਲਨ ਦੀ ਆਮਦ 'ਤੇ ਮਾੜਾ ਪ੍ਰਭਾਵ ਪਾਉਂਦੇ ਹਨ । ਅਜਿਹੇ ਸਮੇਂ ਖੁਰਾਕ ਦੀ ਪੂਰਤੀ ਲਈ ਇਹ ਸੁਝਾਅ ਅਪਨਾਓ ।

**1. ਕਟੁੰਬ ਦੇ ਅੰਦਰ ਖੁਰਾਕ ਦਾ ਭੰਡਾਰ ਰੱਖਣਾ** : ਬਰਸਾਤ ਦੇ ਮੌਸਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਸ਼ਹਿਦ ਮੱਖੀ-ਪਾਲਕ ਯਕੀਨੀ ਬਣਾਉਣ ਕਿ ਕਟੁੰਬਾਂ ਵਿੱਚ ਮੱਖੀਆਂ ਦੀ ਲੋੜ ਅਨੁਸਾਰ ਸ਼ਹਿਦ ਭੰਡਾਰ ਮੌਜੂਦ ਰਹਿਣ । ਇਸ ਤਰ੍ਹਾਂ ਕਟੁੰਬਾਂ ਨੂੰ ਬਾਹਰੋਂ ਖੰਡ ਦੇ ਘੋਲ ਦੇਣ ਦੀ ਜ਼ਿਆਦਾ ਲੋੜ ਨਹੀਂ ਪੈਂਦੀ ।

**2. ਖੰਡ ਦਾ ਘੋਲ ਦੇਣਾ** : ਨੈਕਟਰ ਦੀ ਆਮਦ ਵਿੱਚ ਕਮੀ ਅਤੇ ਕਟੁੰਬ ਅੰਦਰ ਖੁਰਾਕ ਦੀ ਘਾਟ ਸਮੇਂ ਸ਼ਹਿਦ ਮੱਖੀਆਂ ਨੂੰ ਖੰਡ ਦਾ ਘੋਲ ਦੇਣਾ ਚਾਹੀਦਾ ਹੈ । ਇਸ ਲਈ ਖੰਡ ਅਤੇ ਪਾਣੀ ਦਾ ਘੋਲ 1:1 ਅਨੁਪਾਤ ਵਿੱਚ ਬਣਾ ਕੇ ਸ਼ਹਿਦ ਮੱਖੀਆਂ ਨੂੰ ਦਿੱਤਾ ਜਾਂਦਾ ਹੈ । ਖੰਡ ਦਾ ਘੋਲ ਕਟੁੰਬਾਂ ਵਿੱਚ ਟੀਨ ਜਾਂ ਪਲਾਸਟਿਕ ਦੇ ਡੱਬੇ ਵਿੱਚ ਭਰ ਕੇ ਜਾਂ ਡਵੀਜ਼ਨ ਬੋਰਡ ਫੀਡਰ ਵਿੱਚ ਭਰ ਕੇ ਜਾਂ ਡਵੀਜ਼ਨ ਬੋਰਡ ਫੀਡਰ ਵਿੱਚ ਭਰ ਕੇ ਜਾਂ ਸਿੱਧਾ ਹੀ ਫਰੇਮਾਂ ਦੇ ਖਾਲੀ ਸੈਲਾਂ ਵਿੱਚ ਭਰ ਕੇ ਦਿੱਤਾ ਜਾ ਸਕਦਾ ਹੈ ।

ਤਕੜੇ ਕਟੁੰਬਾਂ ਦੀਆਂ ਮੱਖੀਆਂ ਦੁਆਰਾ ਕਮਜ਼ੋਰ ਕਟੁੰਬਾਂ ਵਿੱਚੋਂ ਖੁਰਾਕ ਦੀ ਚੋਰੀ ਕਰਨ ਦੀ ਅਲਾਮਤ ਨੂੰ ਰੋਬਿੰਗ ਕਿਹਾ



ਜਾਂਦਾ ਹੈ । ਰੋਬਿੰਗ ਦੀ ਰੋਕਥਾਮ ਲਈ ਹੇਠਾਂ ਦੱਸੇ ਉਪਰਾਲੇ ਕਰੋ ।

**1. ਕਟੁੰਬ ਦਾ ਗੇਟ ਛੋਟਾ ਕਰਨਾ** : ਹਾਈਵ ਦਾ ਗੇਟ ਮਿੱਟੀ ਦੇ ਗਾਰੇ ਨਾਲ ਲਿੰਪ ਕੇ ਛੋਟੇ ਕਰ ਦਿਉ ਤਾਂ ਜੋ ਸ਼ਹਿਦ ਮੱਖੀਆਂ ਇੱਕ-ਇੱਕ ਕਰਕੇ ਹੀ ਕਟੁੰਬ ਵਿੱਚ ਦਾਖਲ ਹੋਣ ਜਾਂ ਬਾਹਰ ਨਿਕਲਣ ।

**2. ਕਟੁੰਬਾਂ ਨੂੰ ਇਕਸਾਰ ਖੁਰਾਕ ਦੇਣਾ** : ਖੁਰਾਕ ਹਮੇਸ਼ਾਂ ਸਾਰੇ ਕਟੁੰਬਾਂ ਨੂੰ ਇੱਕੋ ਦਿਨ ਸਿਰਫ ਸ਼ਾਮ ਦੇ ਸਮੇਂ, ਜਦੋਂ ਮੱਖੀਆਂ ਬਾਹਰਲਾ ਕੰਮ ਕਰਨਾ ਬੰਦ ਕਰ ਦੇਣ, ਦੇਣੀ ਚਾਹੀਦੀ ਹੈ ਤਾਂ ਕਿ ਲੁੱਟ-ਖਸੁੱਟ ਲਈ ਬਾਹਰੋਂ ਮੱਖੀਆਂ ਨੂੰ ਸੂਹ ਲੈਣ ਦਾ ਮੌਕਾ ਹੀ ਨਾ ਮਿਲੇ ।

**3. ਵੱਧ ਬੱਲਤਾਂ ਵਾਲੇ ਤਕੜੇ ਕਟੁੰਬ ਰੱਖਣਾ** : ਘੱਟ ਬੱਲਤਾਂ ਵਾਲੇ ਕਮਜ਼ੋਰ ਕਟੁੰਬਾਂ ਨਾਲੋਂ ਮਜ਼ਬੂਤ ਕਟੁੰਬ ਰੋਬਿੰਗ ਵਰਗੀਆਂ ਸਮੱਸਿਆਵਾਂ ਦਾ ਟਾਕਰਾ ਆਸਾਨੀ ਨਾਲ ਕਰ ਸਕਦੇ ਹਨ । ਇਸ ਤੋਂ ਇਲਾਵਾ ਅਜਿਹੇ ਤੱਕੜੇ ਕਟੁੰਬ ਉਪਰ ਮੋਮੀ ਕੀੜੇ, ਭਰਿੰਡਾਂ/ਦੰਦਈਏ, ਕਾਲੇ ਕੀੜੇ/ਕੀੜੀਆਂ, ਹਰੀ ਚਿੜੀ, ਕਾਲੀ ਚਿੜੀ ਅਤੇ ਬਾਹਰੀ ਪ੍ਰਜੀਵੀ ਮਾਈਟ ਦਾ ਹਮਲਾ ਅਤੇ ਨੁਕਸਾਨ ਵੀ ਘੱਟ ਹੁੰਦਾ ਹੈ ।

ਵਰਖਾ ਰੁੱਤ ਦੌਰਾਨ ਸਹੀ ਯੋਜਨਾਬੰਦੀ ਅਤੇ ਸਮੇਂ ਸਿਰ ਕੀਤੇ ਉਪਰਾਲਿਆਂ ਨਾਲ ਕਟੁੰਬਾਂ ਦੀ ਕੰਮ ਦੀ ਰਫਤਾਰ ਅਤੇ ਪੈਦਾਵਾਰ ਨੂੰ ਬਰਕਰਾਰ ਰੱਖਿਆ ਜਾ ਸਕਦਾ ਹੈ ।

ਗੁਰਵਿੰਦਰ ਸਿੰਘ ਕੋਚਰ,
ਕੇਸ਼ਾਨੀ, ਮਾਈਕਰੋਬਾਇਆਲੋਜੀ
ਵਿਭਾਗ, ਪੀ. ਏ. ਯੂ. ਲੁਧਿਆਣਾ
ਮੋਬਾਇਲ : 94172-30896




# ਗੰਨੇ ਤੇ ਫ਼ਲਾਂ ਤੋਂ ਕੁਦਰਤੀ ਸਿਰਕੇ ਦਾ ਉਤਪਾਦਨ

ਸਿਰਕਾ ਇੱਕ ਆਮ ਘਰੇਲੂ ਨਾਂਅ ਹੈ, ਇਸ ਦੇ ਪੋਸ਼ਟਿਕ ਗੁਣਾਂ ਕਰਕੇ ਸਿਹਤ ਅਤੇ ਰੋਗਾਂ ਨਾਲ ਲੜਨ ਦੀ ਸ਼ਕਤੀ ਬਾਰੇ ਸਮੇਂ ਨਾਲ ਵਧ ਰਹੀ ਜਾਗਰੂਕਤਾ ਕਰਕੇ ਇਹ ਬਹੁਤ ਜ਼ਿਆਦਾ ਮਹੱਤਵ ਪ੍ਰਾਪਤ ਕਰ ਰਿਹਾ ਹੈ। ਬਹੁਤ ਸਾਰੀਆਂ ਵਪਾਰਕ ਇਕਾਈਆਂ ਅਤੇ ਉੱਦਮੀ ਕੁਦਰਤੀ ਸਿਰਕੇ ਦੀ ਉਤਪਾਦਨ ਤਕਨਾਲੋਜੀ ਵਿੱਚ ਨਿਵੇਸ਼ ਕਰ ਰਹੇ ਹਨ ਅਤੇ ਇਸ ਤੋਂ ਲਾਭ ਪ੍ਰਾਪਤ ਕਰ ਰਹੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਹੁਣ ਤੱਕ ਕੁੱਲ 10 ਉੱਦਮੀਆਂ ਨੇ ਕੁਦਰਤੀ ਸਿਰਕੇ ਦੀ ਤਕਨੀਕ ਖਰੀਦੀ ਹੈ। ਯੂਨੀਵਰਸਿਟੀ ਕਿਸਾਨਾਂ ਨੂੰ ਸਿਰਕੇ ਦੇ ਉਤਪਾਦਨ ਲਈ ਨਿਯਮਿਤ ਸਿਖਲਾਈ ਵੀ ਪ੍ਰਦਾਨ ਕਰ ਰਹੀ ਹੈ ਤਾਂ ਕਿ ਕਿਸਾਨ ਇਸ ਨੂੰ ਆਮਦਨ ਦੇ ਸਹਾਇਕ ਸਰੋਤ ਵਜੋਂ ਚੁਣ ਕੇ ਲਾਭ ਪ੍ਰਾਪਤ ਕਰ ਸਕਣ। ਬਾਜ਼ਾਰ ਵਿੱਚ ਆਮ ਤੌਰ 'ਤੇ ਬਨਾਉਟੀ ਸਿਰਕਾ ਪਾਇਆ ਜਾਂਦਾ ਹੈ, ਜੋ ਸਿਹਤ ਲਈ ਹਾਨੀਕਾਰਕ ਹੁੰਦਾ ਹੈ। ਕੁਦਰਤੀ ਸਿਰਕਾ ਸਿਹਤ ਭਰਪੂਰ ਵਿਟਾਮਿਨ, ਅਮੀਨੋ ਤੇਜ਼ਾਬ, ਐਸਟਰ, ਖਣਿਜ ਅਤੇ ਜੈਵਿਕ ਤੇਜ਼ਾਬਾਂ ਨਾਲ ਲੈਸ ਹੁੰਦਾ ਹੈ। ਇਹ ਖੁਰਾਕੀ ਤੱਤ ਫ਼ਲਾਂ ਅਤੇ ਖਮੀਰੀਕਰਨ ਵਾਲੇ ਸੂਖਮ ਜੀਵ-ਜੰਤੂਆਂ ਦੁਆਰਾ ਪ੍ਰਦਾਨ ਕੀਤੇ ਜਾਂਦੇ ਹਨ ਅਤੇ ਨਾਲ ਦੀ ਨਾਲ ਐਸਟਿਕ ਤੇਜ਼ਾਬ ਸਿਰਕੇ ਨੂੰ ਇੱਕ ਖਾਸ ਖੁਸ਼ਬੂ ਦਿੰਦਾ ਹੈ। ਅਜੋਕੇ ਸਮੇਂ ਵਿੱਚ ਸਿਰਕੇ ਨੂੰ ਬਹੁਤ ਸਾਰੇ ਰੋਗਾਂ ਦਾ ਇਲਾਜ ਮੰਨਿਆ ਗਿਆ ਹੈ। ਬਹੁਤ ਸਾਰੇ ਫ਼ਲ ਕੁਦਰਤੀ ਤੇ ਸੂਖਮ ਜੀਵਾਂ ਦੀਆਂ ਕਿਰਿਆਵਾਂ ਕਾਰਨ ਜਲਦੀ ਖਰਾਬ ਹੋ ਜਾਂਦੇ ਹਨ, ਜਿਨ੍ਹਾਂ ਦਾ ਜਲਦ ਇਸਤੇਮਾਲ ਜ਼ਰੂਰੀ ਹੋ ਜਾਂਦਾ ਹੈ। ਫ਼ਲਾਂ ਦੇ ਰਸ ਦਾ ਖਮੀਰ ਅਤੇ ਐਸਟਿਕ ਐਸਿਡ ਬੈਕਟੀਰੀਆ ਰਾਹੀਂ ਖਮੀਰੀਕਰਨ ਇੱਕ ਅਜਿਹੀ ਪਰਕਿਰਿਆ ਹੈ, ਜਿਸ ਰਾਹੀਂ ਇਹ ਸੂਖਮ ਜੀਵ-ਜੰਤੂ ਰਸ ਵਿਚਲੀ ਖੰਡ ਨੂੰ ਅਲਕੋਹਲ ਅਤੇ ਐਸਟਿਕ ਤੇਜ਼ਾਬ ਵਿੱਚ ਤਬਦੀਲ ਕਰ ਦਿੰਦੇ ਹਨ। ਬਹੁਤ ਸਾਰੇ ਫ਼ਲ ਜਿਵੇਂ ਕਿ ਸੇਬ, ਚੈਰੀ, ਅੰਬ, ਗੰਨਾ, ਆਲੂਬੁਖਾਰਾ, ਸਟਰਾਬੇਰੀ, ਅਨਾਨਾਸ ਆਦਿ ਤੋਂ ਸਿਰਕਾ ਤਿਆਰ ਕੀਤਾ ਗਿਆ ਹੈ। ਇਸ ਦੇ ਇਲਾਵਾ ਫ਼ਲਾਂ ਦਾ ਸਿਰਕਾ ਸਾਰਾ ਸਾਲ (ਬਿਨਾਂ ਫ਼ਲਾਂ ਦੇ ਮੌਸਮ ਦੇ) ਇਸਤੇਮਾਲ ਕੀਤਾ ਜਾ ਸਕਦਾ ਹੈ ਕਿਉਂਕਿ ਫ਼ਲਾਂ ਦੀ ਤਾਜ਼ਗੀ ਤੇ ਐਂਟੀਆਕਸੀਕਾਰਕ ਸ਼ਕਤੀ ਨੂੰ ਕਾਇਮ ਰੱਖਦਾ ਹੈ।

### ਵਿਧੀ

ਕੁਦਰਤੀ ਸਿਰਕਾ ਫ਼ਲਾਂ ਦੇ ਰਸ ਨੂੰ ਖਮੀਰ ਅਤੇ ਐਸਟਿਕ ਐਸਿਡ ਬੈਕਟੀਰੀਆ ਦੇ ਦੋਹਰੇ ਖਮੀਰੀਕਰਨ ਨਾਲ ਤਿਆਰ ਕੀਤਾ ਜਾਂਦਾ ਹੈ। ਪੀ. ਏ. ਯੂ. ਨੇ ਪੰਜ ਤਰ੍ਹਾਂ ਦਾ ਕੁਦਰਤੀ ਸਿਰਕਾ ਗੰਨਾ, ਅੰਗੂਰ, ਸੇਬ, ਸੇਬ-ਗੰਨਾ ਮਿਸ਼ਰਤ ਅਤੇ ਜਾਮਣ ਦੀ ਸਿਫ਼ਾਰਸ਼ ਕੀਤੀ ਹੈ। ਕੁਦਰਤੀ ਸਿਰਕਾ ਤਿਆਰ ਕਰਨ ਦਾ ਜਾਗ (ਖਮੀਰ, ਬੈਕਟੀਰੀਆ ਦਾ ਜਾਗ ਅਤੇ 500 ਮਿ.ਲੀ. ਮਦਰ ਸਿਰਕਾ) ਪੀ.ਏ.ਯੂ. ਤੋਂ 250 ਰੁਪਏ ਪ੍ਰਤੀ ਜਾਗ ਸੈੱਟ ਦੀ ਦਰ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਕੁਦਰਤੀ ਸਿਰਕਾ ਤਿਆਰ ਕਰਨ ਲਈ ਪਹਿਲਾਂ ਫ਼ਲਾਂ ਦਾ ਰਸ ਕੱਢਿਆ ਜਾਂਦਾ ਹੈ ਅਤੇ ਬ੍ਰਿਕਸੋਮੀਟਰ ਦੀ ਮਦਦ ਦੇ ਨਾਲ ਇਸ ਦੀ ਖੰਡ ਦੀ ਘਣਤਾ 15 ਬ੍ਰਿਕਸ ਨਾਪੀ ਜਾਂਦੀ ਹੈ। ਰਸ ਦੇ ਪਾਸਚਰੀਕਰਨ ਤੋਂ ਬਾਅਦ ਇਸ ਨੂੰ ਖਮੀਰ ਦਾ ਜਾਗ (5-7.5%) ਲਾਇਆ ਜਾਂਦਾ ਹੈ ਅਤੇ ਰਸ ਨੂੰ 28-30 ਤਾਪਮਾਨ 'ਤੇ 4-5 ਦਿਨਾਂ ਲਈ ਖਮੀਰੀਕਰਨ ਵਾਸਤੇ ਰੱਖ ਦਿੱਤਾ ਜਾਂਦਾ ਹੈ। ਖੰਡ ਦੀ ਘਣਤਾ 0 ਹੋਣ 'ਤੇ ਤਿਆਰ ਅਲਕੋਹਲ ਨੂੰ ਅਲੱਗ ਕਰਕੇ ਬੈਕਟੀਰੀਆ (5%) ਅਤੇ 10% ਮਦਰ ਸਿਰਕੇ ਨਾਲ ਜਾਗ ਲਾਇਆ ਜਾਂਦਾ ਹੈ। ਇਸ ਮਿਸ਼ਰਣ ਨੂੰ 28-30 ਤਾਪਮਾਨ 'ਤੇ 2-3 ਹਫ਼ਤੇ ਲਈ ਖਮੀਰੀਕਰਨ ਲਈ ਰੱਖ ਦਿੱਤਾ ਜਾਂਦਾ ਹੈ। ਇਸ ਖਮੀਰੀਕਰਨ ਤੋਂ ਬਾਅਦ ਸਿਰਕੇ ਨੂੰ ਬੋਤਲਬੰਦ ਕਰਕੇ ਪਾਸਚਰੀਕਰਨ ਲਈ 60-65 ਦਰਜੇ ਤਾਪਮਾਨ 'ਤੇ 20 ਮਿੰਟਾਂ ਲਈ ਰੱਖਿਆ ਜਾਂਦਾ ਹੈ।

### ਲੋੜੀਂਦੀ ਸਮੱਗਰੀ

ਫ਼ਲਾਂ ਦਾ ਰਸ 15ਬੀ ਘੱਟੋ-ਘੱਟ ਬ੍ਰਿਕਸ-ਜਾਗ (ਖਮੀਰ ਅਤੇ ਐਸੀਟੋ ਬੈਕਟੀਰੀਆ ਦਾ ਜਾਗ, ਪੁਰਾਣਾ ਸਿਰਕਾ, ਖਮੀਰੀਕਰਨ ਲਈ ਬਰਤਨ- ਚੰਗਾ ਪਲਾਸਟਿਕ, ਸਟੀਲ ਜਾਂ ਕੱਚ, ਬ੍ਰਿਕਸ ਹਾਈਡਰੋਮੀਟਰ- ਰਸ ਦੀ ਖੰਡ ਨੂੰ ਮਾਪਣ ਵਾਸਤੇ, ਪੋਟਾਸ਼ੀਅਮ ਮੈਟਾਬਾਈਸਲਫਾਈਟ (1 ਗ੍ਰ./10 ਲਿ.) ਛਾਨਣੀ, ਮਲਮਲ ਦਾ ਕਪੜਾ ਅਤੇ ਕੱਚ ਦੀਆਂ ਬੋਤਲਾਂ।

### ਲਾਗਤ

ਕੁਦਰਤੀ ਸਿਰਕੇ ਦੀ ਮੰਗ ਦਿਨੋਂ-ਦਿਨ ਵਧ ਰਹੀ ਹੈ। ਗੰਨਾ ਅਤੇ ਅੰਗੂਰ ਦਾ ਸਿਰਕਾ ਬਾਜ਼ਾਰ ਵਿੱਚ ਕ੍ਰਮਵਾਰ 100 ਤੇ 150 ਰੁਪਏ ਪ੍ਰਤੀ ਲੀਟਰ ਵਿੱਚ ਵੇਚਿਆ ਜਾਂਦਾ ਹੈ, ਜਦਕਿ ਸੇਬ ਦਾ ਸਿਰਕਾ 500-1000 ਰੁਪਏ ਪ੍ਰਤੀ ਲੀਟਰ ਦੇ ਹਿਸਾਬ ਨਾਲ ਮਹਿੰਗਾ ਹੈ। ਕੁਦਰਤੀ ਸਿਰਕੇ ਦੇ ਉਤਪਾਦਨ ਦੀ ਲਾਗਤ ਉਤਪਾਦਨ ਯੂਨਿਟ ਦੇ ਪੈਮਾਨੇ ਨਾਲ ਬਦਲਦੀ ਹੈ, ਜੋ ਘਰੇਲੂ (10-50 ਲੀਟਰ), ਕਾਟੇਜ (50 ਲੀਟਰ ਤੋਂ ਵੱਧ) ਅਤੇ ਛੋਟੇ ਪੈਮਾਨੇ (1000 ਲੀਟਰ ਤੇ ਹੋਰ) ਦੀ ਹੋ ਸਕਦੀ ਹੈ। ਇਨਪੁਟ ਲਾਗਤਾਂ ਵਿੱਚ ਰਸ ਤੇ ਕੱਚਾ ਮਾਲ, ਫਰਮੈਂਟੇਸ਼ਨ ਤੇ ਪ੍ਰੋਸੈਸਿੰਗ ਦੇ ਖਰਚੇ ਸ਼ਾਮਿਲ ਹੁੰਦੇ ਹਨ। ਜਿਵੇਂ ਕਿ ਇੱਕ ਰੀਸਾਈਕਲ ਕੀਤੀ ਘਰੇਲੂ ਪੈਮਾਨੇ ਦੀ ਪ੍ਰਕਿਰਿਆ ਵਿੱਚ ਗੰਨੇ ਦਾ ਸਿਰਕਾ ਪਹਿਲੇ ਬੈਚ ਦੌਰਾਨ ਲਗਭਗ 36 ਦਿਨਾਂ ਵਿੱਚ ਤਿਆਰ ਹੁੰਦਾ ਹੈ। ਰੀਸਾਈਕਲ ਕੀਤੇ ਕਲਚਰ ਦੀ ਵਰਤੋਂ ਕਰਕੇ ਪੰਜ ਹੋਰ ਬੈਚ ਤਿਆਰ ਕੀਤੇ ਜਾ ਸਕਦੇ ਹਨ, ਜਿਸ ਵਿੱਚ ਕੁੱਲ ਛੇ ਬੈਚ 81 ਦਿਨਾਂ ਵਿੱਚ ਤਿਆਰ ਕੀਤੇ ਜਾਂਦੇ ਹਨ। 250 ਲਿਟਰ ਗੰਨੇ ਦੇ ਰਸ ਤੋਂ 750 ਮਿਲੀਲਿਟਰ ਸਮਰੱਥਾ ਦੀਆਂ ਕੁੱਲ 225 ਬੋਤਲਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ। 225 ਬੋਤਲਾਂ ਦੇ ਉਤਪਾਦਨ ਦੀ ਲਾਗਤ ਲਗਭਗ 10,075 ਰੁਪਏ ਆਉਂਦੀ ਹੈ ਅਤੇ ਪ੍ਰਤੀ ਬੋਤਲ ਲਾਗਤ 45 ਰੁਪਏ ਹੈ। ਫ਼ਲਾਂ ਤੋਂ ਸਿਰਕੇ ਦੇ ਉਤਪਾਦਨ ਵਿੱਚ 130 ਲੀਟਰ ਅੰਗੂਰ ਦੇ ਰਸ ਤੋਂ 650 ਮਿਲੀਲਿਟਰ ਸਮਰੱਥਾ ਦੀਆਂ 120 ਬੋਤਲਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ। 120 ਬੋਤਲਾਂ ਦੇ ਉਤਪਾਦਨ ਦੀ ਲਾਗਤ 7560 ਰੁਪਏ ਆਉਂਦੀ ਹੈ ਅਤੇ ਪ੍ਰਤੀ ਬੋਤਲ ਔਸਤ ਲਾਗਤ 63 ਰੁਪਏ ਹੈ। ਸੇਬ ਤੇ ਗੰਨੇ ਦੇ ਮਿਸ਼ਰਣ ਵਾਲੇ ਸੇਬ ਦੇ ਸਿਰਕੇ ਵਿੱਚ 35 ਲੀਟਰ ਰਸ ਤੋਂ 200 ਮਿਲੀਲੀਟਰ ਸਮਰੱਥਾ ਦੀਆਂ ਕੁੱਲ 125 ਬੋਤਲਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ, ਜਿਸ ਵਿੱਚ ਕ੍ਰਮਵਾਰ 36.64 ਤੇ 29.2 ਰੁਪਏ ਪ੍ਰਤੀ ਬੋਤਲ ਖਰਚਾ ਆਉਂਦਾ ਹੈ। ਜਾਮੁਨ ਦੇ ਸਿਰਕੇ ਨੂੰ 28 ਦਿਨਾਂ ਵਿੱਚ ਬੈਚ ਫਰਮੈਂਟੇਸ਼ਨ ਦੁਆਰਾ ਤਿਆਰ ਕੀਤਾ ਜਾ ਸਕਦਾ ਹੈ, ਜਿਸ ਵਿੱਚ 20 ਲਿਟਰ ਜੂਸ ਤੋਂ 200 ਮਿਲੀਲਿਟਰ ਸਮਰੱਥਾ ਦੀਆਂ 70 ਬੋਤਲਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਦੀ ਕੀਮਤ ਪ੍ਰਤੀ ਬੋਤਲ ਲਗਭਗ 36 ਰੁਪਏ ਹੈ। ਪੀ.ਏ.ਯੂ. ਵਲੋਂ ਵਿਕਸਿਤ 50 ਲਿਟਰ ਪੱਧਰ 'ਤੇ ਤਿਆਰ ਕੀਤੀ ਤਕਨੀਕ ਰਾਹੀਂ ਗੰਨਾ, ਅੰਗੂਰ, ਸੇਬ ਅਤੇ ਜਾਮੁਣ ਦਾ ਸਿਰਕਾ ਬਣਾਉਣ 'ਤੇ ਕ੍ਰਮਵਾਰ 60 ਰੁਪਏ, 84 ਰੁਪਏ, 183 ਰੁਪਏ ਅਤੇ 60 ਰੁਪਏ ਪ੍ਰਤੀ ਲਿਟਰ ਦਾ ਖਰਚਾ ਆਉਂਦਾ ਹੈ। ਇਨ੍ਹਾਂ ਬੋਤਲਾਂ ਨੂੰ ਘੱਟੋ-ਘੱਟ ਇਕ ਸਾਲ ਲਈ ਸਟੋਰ ਕੀਤਾ ਜਾ ਸਕਦਾ ਹੈ।


### ਵਧੀਆ ਸਹਾਇਕ ਕਿੱਤਾ

ਕੁਦਰਤੀ ਸਿਰਕੇ ਦੀ ਮੰਗ ਦਿਨੋਂ ਦਿਨ ਵਧ ਰਹੀ ਹੈ। ਗੰਨੇ ਤੇ ਅੰਗੂਰ ਦਾ ਸਿਰਕਾ ਬਾਜ਼ਾਰ ਵਿੱਚ ਕ੍ਰਮਵਾਰ ਔਸਤਨ 100 ਤੋਂ 150 ਰੁਪਏ ਪ੍ਰਤੀ ਲਿਟਰ ਮਿਲਦਾ ਹੈ, ਜਦਕਿ ਸੇਬ ਦਾ ਸਿਰਕਾ 500 ਤੋਂ 1000 ਰੁਪਏ ਪ੍ਰਤੀ ਲਿਟਰ ਮਿਲਦਾ ਹੈ। ਇਸ ਕਰਕੇ ਸਿਰਕੇ ਦਾ ਵਪਾਰ ਇੱਕ ਸਹਾਇਕ ਕਿੱਤੇ ਦੇ ਤੌਰ 'ਤੇ ਕੀਤਾ ਜਾ ਸਕਦਾ ਹੈ। ਇਸ ਸਬੰਧੀ ਸਿਖਲਾਈ ਮਾਈਕਰੋਬਿਆਲੋਜੀ ਵਿਭਾਗ ਵਲੋਂ ਹਰ ਸਾਲ ਨਵੰਬਰ ਤੇ ਜੂਨ ਮਹੀਨੇ ਵਿੱਚ ਦਿੱਤੀ ਜਾਂਦੀ ਹੈ। ਪੀ.ਏ.ਯੂ. ਵਲੋਂ ਸਿਰਕਾ ਤਿਆਰ ਕਰਨ ਬਾਬਤ ਇੱਕ ਕਿਤਾਬ ਵੀ ਛਾਪੀ ਗਈ ਹੈ। ਕੁਦਰਤੀ ਸਿਰਕੇ ਦੀ ਤਕਨਾਲੋਜੀ ਦਾ ਵੇਰਵਾ ਪੀ.ਏ.ਯੂ. ਦੁਆਰਾ ਤਿਆਰ ਕੀਤੇ ਬੁਲੇਟਿਨ (ਕੀਮਤ 20 ਰੁਪਏ) 'ਗੰਨੇ ਅਤੇ ਫ਼ਲਾਂ ਤੋਂ ਕੁਦਰਤੀ ਸਿਰਕੇ ਦੀ ਤਿਆਰੀ' ਵਿੱਚ ਦਰਸਾਇਆ ਗਿਆ ਹੈ। ਪੀ.ਏ.ਯੂ. ਦਾ ਡਾਇਰੈਕਟਰ ਪਸਾਰ ਸਿੱਖਿਆ ਵਿਭਾਗ ਹਰ ਸਾਲ ਸਕਿਲ ਡਿਵੈਲਪਮੈਂਟ 'ਤੇ ਇਨ੍ਹਾਂ ਉਤਪਾਦਾਂ ਦੀ ਸਿਖਲਾਈ ਪ੍ਰਦਾਨ ਕਰਦਾ ਹੈ। ਇਨ੍ਹਾਂ ਤਕਨੀਕਾਂ ਖਰੀਦ ਲਈ ਪੀ.ਏ.ਯੂ. ਤਕਨਾਲੋਜੀ ਮਾਰਕੀਟਿੰਗ ਅਤੇ ਪੇਟੈਂਟਿੰਗ ਸੈੱਲ ਕੋਲ ਉਪਲਬਧ ਹਨ।

ਬਾਕੀ ਸਫ਼ਾ 3 ਦੀ

## ਨਰਮੇ 'ਤੇ ਚਿੱਟੀ ਮੱਖੀ ਦੀ ਸਰਵਪੱਖੀ ਰੋਕਥਾਮ

★ ਚਿੱਟੀ ਮੱਖੀ ਦੇ ਬਾਲਗਾਂ ਦੀ ਰੋਕਥਾਮ ਲਈ 200 ਮਿਲੀਲਿਟਰ ਕਲਾਸਟੋ 20 ਡਬਲਯੂ ਜੀ (ਪਾਈਰੀਫਲੂਕੀਨਾਜ਼ੋਨ) ਜਾਂ 400 ਮਿਲੀਲਿਟਰ ਸਫੀਨਾ 50 ਡੀ ਸੀ (ਅਫਿਡੋਪਾਇਰੋਪਿਨ) ਜਾਂ 60 ਗ੍ਰਾਮ ਓਸ਼ੀਨ 20 ਐਸ ਜੀ (ਡਾਇਨੋਟੈਫੂਰਾਨ) ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ



(ਫਲੋਨਿਕਾਮਿਡ) ਜਾਂ 800 ਮਿਲੀਲਿਟਰ ਫੋਸਮਾਈਟ / ਈ-ਮਾਈਟ/ ਵਾਲਥੀਆਨ / ਗੋਲਡ ਮਿਟ 50 ਈ ਸੀ (ਈਥੀਆਨ) ਦਾ ਛਿੜਕਾਅ ਕਰੋ।

★ ਚਿੱਟੀ ਮੱਖੀ ਦੇ ਬੱਚਿਆਂ (ਨਿੰਫ) ਦੀ ਰੋਕਥਾਮ ਲਈ 500 ਮਿਲੀਲਿਟਰ ਲੈਨੋ 10 ਈ ਸੀ (ਪਾਈਰੀਪਰੋਕਸੀਫਿਨ) ਜਾਂ 200 ਮਿਲੀਲਿਟਰ ਓਬਰੋਨ/ਵੋਲਟੇਜ਼ 22.9 ਐਸ ਸੀ (ਸਪੈਰੋਮੈਸੀਫਿਨ) ਦਾ ਛਿੜਕਾਅ ਕਰੋ।

### ਜ਼ਰੂਰੀ ਸੁਝਾਅ

★ ਨਰਮੇ ਦੀ ਫ਼ਸਲ ਨੂੰ ਸੋਕਾ ਨਾ ਲੱਗਣ ਦਿਓ, ਕਿਉਂਕਿ ਸੋਕੇ ਵਿੱਚ ਫ਼ਸਲ ਤੇ ਵੀ ਕੀੜੇ ਦਾ ਹਮਲਾ ਵਧੇਰੇ ਹੁੰਦਾ ਹੈ।

★ ਨਾਈਟ੍ਰੋਜਨ ਖਾਦ ਸਿਫ਼ਾਰਸ਼ ਕੀਤੀ ਮਾਤਰਾ ਤੋਂ ਵੱਧ ਨਾ ਪਾਓ ਕਿਉਂਕਿ ਜ਼ਿਆਦਾ ਖਾਦ ਪਾਉਣ ਨਾਲ ਚਿੱਟੀ ਮੱਖੀ ਦੇ ਹਮਲੇ ਵਿੱਚ ਵਾਧਾ ਹੁੰਦਾ ਹੈ।

★ ਨਰਮੇ ਤੋਂ ਇਲਾਵਾ ਚਿੱਟੀ ਮੱਖੀ ਦਾ ਹਮਲਾ ਹੋਰ ਫ਼ਸਲਾਂ ਜਿਵੇਂ ਕਿ ਬੈਂਗਣ, ਖੀਰਾ, ਚੱਪਣ ਕੱਦੂ, ਤਰ, ਆਲੂ, ਟਮਾਟਰ, ਮਿਰਚਾਂ, ਮੂੰਗੀ ਆਦਿ 'ਤੇ ਵੀ ਪਾਇਆ ਜਾਂਦਾ ਹੈ, ਇਸ ਲਈ ਇਨ੍ਹਾਂ ਫ਼ਸਲਾਂ ਉੱਪਰ ਅਤੇ ਨਰਮੇ ਉੱਪਰ ਲਗਾਤਾਰ ਸਰਵੇਖਣ ਕਰਦੇ ਰਹੋ ਅਤੇ ਲੋੜ ਮੁਤਾਬਿਕ ਰੋਕਥਾਮ ਕਰੋ।

★ ਘੱਟ ਲਾਗਤ ਵਾਲੇ ਪੀਲੇ ਕਾਰਡ 40 ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤਾਂ ਵਿੱਚ ਲਗਾਓ, ਜੋ ਕਿ ਸ਼ੁਰੂਆਤੀ ਅਵਸਥਾ ਵਿੱਚ ਚਿੱਟੀ ਮੱਖੀ ਦੇ ਵਾਧੇ ਨੂੰ ਰੋਕਣ ਵਿਚ ਸਹਾਇਕ ਹਨ।

ਵਿਜੈ ਕੁਮਾਰ ਅਤੇ ਅਮਨਦੀਪ ਕੌਰ,
ਕੀਟ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ
(ਮੋ. 97794-51214)

## ਫ਼ਸਲੀ ਵਿਭਿੰਨਤਾ ਅਤੇ ਪੌਸ਼ਟਿਕ ਸੁਰੱਖਿਆ ਲਈ

# ਗਾਜਰ ਦੀ ਸਫ਼ਲ ਕਾਸ਼ਤ

ਤਰਸੇਮ ਸਿੰਘ ਢਿੱਲੋਂ ਅਤੇ ਰੁਮਾ ਦੇਵੀ, ਡਾਇਰੈਕਟੋਰੇਟ ਪਸਾਰ ਸਿੱਖਿਆ,
ਪੀ. ਏ. ਯੂ., ਲੁਧਿਆਣਾ (ਮੋਬਾਇਲ : 94640-37325)



**ਗਾਜਰ ਦਾ ਚੰਗਾ ਮਿਆਰ ਠੰਢੇ ਮੌਸਮ ਵਿੱਚ ਬਣਦਾ ਹੈ। ਬੀਜ ਦੇ ਉੱਗਣ ਲਈ 7-24 ਡਿਗਰੀ ਸੈਲਸੀਅਸ ਤਾਪਮਾਨ ਦੀ ਲੋੜ ਹੁੰਦੀ ਹੈ ਅਤੇ ਵਾਧੇ ਲਈ 18-24 ਡਿਗਰੀ ਸੈਲਸੀਅਸ ਤਾਪਮਾਨ ਢੁਕਵਾਂ ਹੈ। ਗਾਜਰ ਦੇ ਵਧੀਆ ਰੰਗ ਲਈ 15-20 ਡਿਗਰੀ ਸੈਲਸੀਅਸ ਤਾਪਮਾਨ ਅਨੁਕੂਲ ਹੈ। ਲੰਬੀਆਂ, ਮੁਲਾਇਮ ਅਤੇ ਸੋਹਣੀਆਂ ਗਾਜਰਾਂ ਲਈ ਡੂੰਘੀ, ਭੁਰਭੁਰੀ ਅਤੇ ਚੰਗੇ ਨਿਕਾਸ ਵਾਲੀ ਮੈਰਾ ਜ਼ਮੀਨ ਵਧੀਆ ਹੁੰਦੀ ਹੈ, ਜਦਕਿ ਅਗੇਤੀ ਫ਼ਸਲ ਲਈ ਰੇਤਲੀ ਦੋਮਟ ਮਿੱਟੀ ਨੂੰ ਤਰਜੀਹ ਦਿੱਤੀ ਜਾਂਦੀ ਹੈ।**

**ਫ਼ਸਲੀ ਚੱਕਰ** : ਗਾਜਰ ਨੂੰ ਬਹੁ-ਫ਼ਸਲੀ ਪ੍ਰਣਾਲੀਆਂ ਵਿੱਚ ਸਫਲਤਾਪੂਰਵਕ ਸ਼ਾਮਲ ਕਰਕੇ ਪ੍ਰਤੀ ਵਰਗ ਖੇਤਰ ਅਤੇ ਸਮੇਂ ਤੋਂ ਵੱਧ ਉਤਪਾਦਨ ਅਤੇ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ। ਗਾਜਰ ਵਾਲੇ ਢੁਕਵੇਂ ਫ਼ਸਲੀ ਚੱਕਰ ਹਨ : ਆਲੂ (ਬੀਜ)-ਗਾਜਰ/ਮੂਲੀ (ਬੀਜ)-ਭਿੰਡੀ (ਬੀਜ), ਜਿਸ ਵਿੱਚ ਕ੍ਰਮਵਾਰ ਅਕਤੂਬਰ-ਜਨਵਰੀ, ਜਨਵਰੀ-ਮਈ ਅਤੇ ਜੂਨ-ਅਕਤੂਬਰ ਦਾ ਸਮਾਂ ਹੁੰਦਾ ਹੈ। ਕਿਸਾਨਾਂ ਵਿੱਚ ਪ੍ਰਚੱਲਿਤ ਹੋਰ ਫ਼ਸਲੀ ਚੱਕਰਾਂ ਵਿੱਚ ਝੋਨਾ-ਗਾਜਰ-ਕੱਦੂ ਜਾਤੀ ਦੀਆਂ ਫ਼ਸਲਾਂ, ਗਾਜਰ-ਪਿਆਜ-ਹਰੀ ਖਾਦ ਅਤੇ ਗਾਜਰ-ਗਾਜਰ ਦਾ ਬੀਜ-ਹਰੀ ਖਾਦ ਸ਼ਾਮਲ ਹਨ। ਇਨ੍ਹਾਂ ਫ਼ਸਲੀ ਚੱਕਰਾਂ ਵਿੱਚ ਫ਼ਸਲਾਂ ਦੀ ਕਾਸ਼ਤ ਦੀ ਮਿਆਦ ਕ੍ਰਮਵਾਰ ਝੋਨੇ ਲਈ ਜੂਨ ਤੋਂ ਅਕਤੂਬਰ, ਗਾਜਰ ਲਈ ਅਕਤੂਬਰ ਤੋਂ ਫਰਵਰੀ ਅਤੇ ਕੱਦੂ ਜਾਤੀ ਦੀਆਂ ਫ਼ਸਲਾਂ ਲਈ ਫਰਵਰੀ ਤੋਂ ਜੂਨ; ਗਾਜਰ ਲਈ ਸਤੰਬਰ ਤੋਂ ਜਨਵਰੀ, ਪਿਆਜ਼ ਲਈ ਜਨਵਰੀ ਤੋਂ ਜੂਨ ਅਤੇ ਹਰੀ ਖਾਦ ਲਈ ਜੂਨ ਤੋਂ ਅਗਸਤ; ਅਤੇ ਗਾਜਰ ਲਈ ਸਤੰਬਰ ਤੋਂ ਜਨਵਰੀ, ਗਾਜਰ ਦੇ ਬੀਜ ਉਤਪਾਦਨ ਲਈ ਜਨਵਰੀ ਤੋਂ ਜੂਨ ਅਤੇ ਹਰੀ ਖਾਦ ਲਈ ਜੂਨ ਤੋਂ ਅਗਸਤ ਹੁੰਦੀ ਹੈ।



**ਸੁਧਰੀਆਂ ਕਿਸਮਾਂ**

**ਪੰਜਾਬ ਸੰਤਰੀ** : ਇਸ ਕਿਸਮ ਦੀਆਂ ਗਾਜਰਾਂ ਸੰਤਰੀ ਰੰਗ ਦੀਆਂ ਹੁੰਦੀਆਂ ਹਨ ਜੋ ਲਗਭਗ 97 ਦਿਨਾਂ ਵਿੱਚ ਤਿਆਰ ਹੋ ਜਾਂਦੀ ਹੈ ਅਤੇ ਇਸ ਕਿਸਮ ਦਾ ਬੀਜ ਪੰਜਾਬ ਵਿੱਚ ਬਣਾਇਆ ਜਾ ਸਕਦਾ ਹੈ। ਇਸ ਵਿੱਚ ਬੀਟਾ-ਕੈਰੋਟੀਨ 14.72 ਮਿਲੀਗ੍ਰਾਮ/100 ਗ੍ਰਾਮ, ਟੀ. ਐਸ. ਐਸ. 8.5% ਅਤੇ ਸੁੱਕਾ ਮਾਦਾ 12.78% ਹੁੰਦਾ ਹੈ। ਇਸ ਦਾ ਔਸਤ ਝਾੜ 180 ਕੁਇੰਟਲ ਪ੍ਰਤੀ ਏਕੜ ਹੈ।

**ਪੰਜਾਬ ਜਾਮਨੀ** : ਇਹ ਲਗਭਗ 92 ਦਿਨਾਂ ਵਿੱਚ ਤਿਆਰ ਹੁੰਦੀ ਹੈ। ਇਸ ਦੀਆਂ ਗਾਜਰਾਂ ਬਾਹਰੋਂ ਜਾਮਨੀ ਤੇ ਅੰਦਰੋਂ ਸੰਤਰੀ ਹੁੰਦੀਆਂ ਹਨ। ਇਸ ਵਿੱਚ ਐਂਥੋਸਾਇਨਿਨ 134.25 ਮਿਲੀਗ੍ਰਾਮ / 100 ਗ੍ਰਾਮ ਅਤੇ ਬੀਟਾ-ਕੈਰੋਟੀਨ 5.58 ਮਿਲੀਗ੍ਰਾਮ / 100 ਗ੍ਰਾਮ ਹੁੰਦਾ ਹੈ। ਇਸ ਦਾ ਔਸਤ ਝਾੜ 218 ਕੁਇੰਟਲ ਪ੍ਰਤੀ ਏਕੜ ਹੈ।

**ਪੰਜਾਬ ਰੌਸ਼ਨੀ** : ਇਹ ਪੀਲੀਆਂ ਜੜ੍ਹਾਂ ਵਾਲੀ ਕਿਸਮ ਲਗਭਗ 96 ਦਿਨਾਂ ਵਿੱਚ ਤਿਆਰ ਹੁੰਦੀ ਹੈ। ਇਹ ਲਿਉਟੀਨ ਅਤੇ ਬੀਟਾ-ਕੈਰੋਟੀਨ ਨਾਲ ਭਰਪੂਰ ਹੈ ਅਤੇ ਇਸ ਦਾ ਔਸਤ ਝਾੜ 211 ਕੁਇੰਟਲ ਪ੍ਰਤੀ ਏਕੜ ਹੈ।

**ਪੀ.ਸੀ.-161** : ਇਹ ਵੱਧ ਝਾੜ ਦੇਣ ਵਾਲੀ, ਗੂੜ੍ਹੀਆਂ ਲਾਲ ਜੜ੍ਹਾਂ ਵਾਲੀ ਕਿਸਮ ਹੈ ਜੋ ਲਗਭਗ 90 ਦਿਨਾਂ ਵਿੱਚ ਤਿਆਰ ਹੁੰਦੀ ਹੈ। ਇਸ ਵਿੱਚ ਬੀਟਾ-ਕੈਰੋਟੀਨ 8.88 ਮਿਲੀਗ੍ਰਾਮ / 100 ਗ੍ਰਾਮ ਅਤੇ ਟੀ. ਐਸ. ਐਸ. 9.5% ਹੁੰਦਾ ਹੈ। ਇਸ ਦਾ ਔਸਤ ਝਾੜ 256 ਕੁਇੰਟਲ ਪ੍ਰਤੀ ਏਕੜ ਹੈ।

**ਪੰਜਾਬ ਬਲੈਕ ਬਿਊਟੀ** : ਇਹ ਪੌਸ਼ਟਿਕ ਤੱਤਾਂ ਨਾਲ ਭਰਪੂਰ ਜਾਮਣੀ-ਕਾਲੀਆਂ ਗਾਜਰਾਂ ਵਾਲੀ ਕਿਸਮ ਹੈ ਜੋ 90-95 ਦਿਨਾਂ ਵਿੱਚ ਤਿਆਰ ਹੁੰਦੀ ਹੈ। ਇਸ ਵਿੱਚ ਐਂਥੋਸਾਇਨਿਨ 182 ਮਿਲੀਗ੍ਰਾਮ / 100 ਗ੍ਰਾਮ ਅਤੇ ਫੀਨੋਲਿਕ ਤੱਤ 73 ਮਿਲੀਗ੍ਰਾਮ / 100 ਗ੍ਰਾਮ ਹੁੰਦੇ ਹਨ। ਇਸ ਦਾ ਔਸਤ ਝਾੜ 196 ਕੁਇੰਟਲ ਪ੍ਰਤੀ ਏਕੜ ਹੈ। ਇਹ ਕਾਂਜੀ, ਜੂਸ, ਅਚਾਰ, ਸਲਾਦ ਅਤੇ ਕੁਦਰਤੀ ਖੁਰਾਕੀ ਰੰਗ ਕੱਢਣ ਲਈ ਢੁੱਕਵੀਂ ਹੈ।

**ਪੀ. ਸੀ.-100** : ਇਹ ਲਾਲ ਜੜ੍ਹਾਂ ਵਾਲੀ ਕਿਸਮ ਹੈ ਜੋ ਲਗਭਗ 87 ਦਿਨਾਂ ਵਿੱਚ ਤਿਆਰ ਹੁੰਦੀ ਹੈ ਅਤੇ ਅਗੇਤੀ ਬਿਜਾਈ ਲਈ ਢੁੱਕਵੀਂ ਹੈ। ਇਸ ਵਿੱਚ ਬੀਟਾ-ਕੈਰੋਟੀਨ 8.87 ਮਿਲੀਗ੍ਰਾਮ/100 ਗ੍ਰਾਮ ਅਤੇ ਟੀ. ਐਸ. ਐਸ. 7.23% ਹੁੰਦਾ ਹੈ। ਇਸ ਦਾ ਔਸਤ ਝਾੜ 117.5 ਕੁਇੰਟਲ ਪ੍ਰਤੀ ਏਕੜ ਹੈ।

**ਬਿਜਾਈ ਅਤੇ ਬੀਜ ਦੀ ਮਾਤਰਾ** : ਗਾਜਰਾਂ ਦੀ ਬਿਜਾਈ ਲਈ ਅਗਸਤ-ਸਤੰਬਰ ਸਭ ਤੋਂ ਢੁੱਕਵਾਂ ਸਮਾਂ ਹੈ ਅਤੇ 45 ਕਿਲੋ ਬੀਜ ਪ੍ਰਤੀ ਏਕੜ ਵਰਤਣਾ ਚਾਹੀਦਾ ਹੈ। ਛੋਟੇ ਪੱਧਰ ਤੇ ਬਿਜਾਈ ਲਈ ਵੱਟਾਂ ਵਿਚਕਾਰ 45 ਸੈਂਟੀਮੀਟਰ ਦੀ ਦੂਰੀ ਰੱਖਣੀ ਚਾਹੀਦੀ ਹੈ। ਜਦੋਂ ਫ਼ਸਲ ਇੱਕ ਮਹੀਨੇ ਦੀ ਹੋ ਜਾਵੇ ਤਾਂ ਬੂਟਿਆਂ ਨੂੰ ਵਿਰਲਾ ਕਰਕੇ ਬੂਟੇ ਤੋਂ ਬੂਟੇ ਦੀ ਦੂਰੀ 7.5 ਸੈਂਟੀਮੀਟਰ ਰੱਖਣੀ ਚਾਹੀਦੀ ਹੈ। ਬੀਜ ਲਗਭਗ 1.5 ਸੈਂਟੀਮੀਟਰ ਡੂੰਘਾ ਬੀਜਣ ਨਾਲ ਚੰਗਾ ਜਮ ਮਿਲਦਾ ਹੈ। ਵਪਾਰਕ ਪੱਧਰ ਤੇ ਟਰੈਕਟਰ ਨਾਲ ਚੱਲਣ ਵਾਲੀ ਬੈੱਡ ਮੇਕਰ-ਕਮ-ਸੋਇੰਗ ਮਸ਼ੀਨ ਵਰਤੀ ਜਾ ਸਕਦੀ ਹੈ। ਇਹ 67.5 ਸੈਂਟੀਮੀਟਰ ਦੀ ਦੂਰੀ ਉੱਤੇ ਬੈੱਡ ਤਿਆਰ ਕਰਦੀ ਹੈ ਅਤੇ ਹਰ ਬੈੱਡ ਉੱਤੇ ਚਾਰ ਕਤਾਰਾਂ ਬੀਜਦੀ ਹੈ। ਮਸ਼ੀਨੀ ਬਿਜਾਈ ਨਾਲ ਬੀਜ ਦੀ ਮਾਤਰਾ ਲਗਭਗ 2.5 ਕਿਲੋ ਪ੍ਰਤੀ ਏਕੜ ਰਹਿ ਜਾਂਦੀ ਹੈ ਅਤੇ ਵਿਰਲਾ ਕਰਨ ਦੀ ਲੋੜ ਨਹੀਂ ਪੈਂਦੀ।

**ਰੂੜੀ ਅਤੇ ਖਾਦਾਂ** : ਚੰਗੀ ਤਰ੍ਹਾਂ ਗਲੀ-ਸੜੀ ਰੂੜੀ 15 ਟਨ ਪ੍ਰਤੀ ਏਕੜ ਪਾ ਕੇ ਮਿੱਟੀ ਵਿੱਚ ਰਲਾਂ ਦਿਓ। ਬਿਜਾਈ ਸਮੇਂ 25 ਕਿਲੋ ਨਾਈਟ੍ਰੋਜਨ (55 ਕਿਲੋ ਯੂਰੀਆ), 12 ਕਿਲੋ ਫਾਸਫੋਰਸ (75 ਕਿਲੋ ਸਿੰਗਲ ਸੁਪਰ ਫਾਸਫੇਟ) ਅਤੇ 30 ਕਿਲੋ ਪੋਟਾਸ਼ (50 ਕਿਲੋ ਮਿਊਰੇਟ ਆਫ ਪੋਟਾਸ਼) ਪ੍ਰਤੀ ਏਕੜ ਪਾਓ। ਜੜ੍ਹਾਂ ਦੇ ਵਧੀਆ ਰੰਗ ਅਤੇ ਗੁਣਵੱਤਾ ਲਈ ਪੋਟਾਸ਼ ਵਿਸ਼ੇਸ਼ ਤੌਰ ਤੇ ਮਹੱਤਵਪੂਰਨ ਹੈ।

**ਨਦੀਨਾਂ ਦੀ ਰੋਕਥਾਮ** : ਫ਼ਸਲ ਦੇ ਸ਼ੁਰੂਆਤੀ ਵਾਧੇ ਦੌਰਾਨ ਨਿਯਮਿਤ ਗੋਡੀ ਕਰਨੀ ਜ਼ਰੂਰੀ ਹੈ, ਕਿਉਂਕਿ ਗਾਜਰ ਸ਼ੁਰੂ ਵਿੱਚ ਹੌਲੀ ਵਧਦੀ ਹੈ ਅਤੇ ਨਦੀਨਾਂ ਨਾਲ ਚੰਗੀ ਤਰ੍ਹਾਂ ਮੁਕਾਬਲਾ ਨਹੀਂ ਕਰ ਸਕਦੀ। ਜੜ੍ਹਾਂ ਦੇ ਵਿਕਾਸ ਸਮੇਂ ਇੱਕ ਜਾਂ ਦੋ ਵਾਰ ਮਿੱਟੀ ਚੜ੍ਹਾਓ ਤਾਂ ਜੋ ਜੜ੍ਹਾਂ ਦਾ ਉੱਪਰਲਾ ਹਿੱਸਾ ਨੰਗਾ ਹੋ ਕੇ ਹਰਾ ਨਾ ਹੋਵੇ।

**ਸਿੰਚਾਈ** : ਵਧੀਆ ਗੁਣਵੱਤਾ ਵਾਲੀਆਂ ਗਾਜਰਾਂ ਅਤੇ ਵੱਧ ਝਾੜ ਲਈ ਢੁੱਕਵੀਂ ਸਿੰਚਾਈ ਜ਼ਰੂਰੀ ਹੈ। ਇਕਸਾਰ ਜੰਮ ਲਈ ਬਿਜਾਈ ਵੇਲੇ ਮਿੱਟੀ ਵਿੱਚ ਲੋੜੀਂਦੀ ਨਮੀ ਹੋਣੀ ਚਾਹੀਦੀ ਹੈ। ਹਲਕੀਆਂ ਜ਼ਮੀਨਾਂ ਵਿੱਚ ਬਿਜਾਈ ਤੋਂ ਤੁਰੰਤ ਬਾਅਦ ਪਹਿਲੀ ਸਿੰਚਾਈ ਕਰੋ। ਅਗਲੀਆਂ ਸਿੰਚਾਈਆਂ ਫ਼ਸਲ ਦੇ ਮੁਰਝਾਉਣ ਦੇ ਲੱਛਣ ਆਉਣ ਤੋਂ ਪਹਿਲਾਂ ਕਰੋ। ਵੱਧ ਸਿੰਚਾਈ ਨਾਲ ਗਾਜਰਾਂ ਬੇਢੰਗੀਆਂ, ਬੇਰੰਗ, ਬਰੀਕ ਜੜ੍ਹਾਂ ਅਤੇ ਸਤ੍ਹਾ ਗਾਜਰਾਂ ਉੱਤੇ ਤਰੇੜਾਂ ਪੈ ਸਕਦੀਆਂ ਹਨ।

**ਪੁਟਾਈ** : ਕਿਸਮ ਦੇ ਅਨੁਸਾਰ ਗਾਜਰ ਆਮ ਤੌਰ ਤੇ ਬਿਜਾਈ ਤੋਂ 90-100 ਦਿਨਾਂ ਬਾਅਦ ਪੁਟਾਈ ਲਈ ਤਿਆਰ ਹੋ ਜਾਂਦੀ ਹੈ। ਜਦੋਂ ਗਾਜਰਾਂ ਮੰਡੀਯੋਗ ਆਕਾਰ ਅਤੇ ਆਪਣਾ ਵਿਸ਼ੇਸ਼ ਗੂੜ੍ਹਾ ਲਾਲ, ਜਾਮਨੀ, ਸੰਤਰੀ ਜਾਂ ਪੀਲਾ ਰੰਗ ਪ੍ਰਾਪਤ ਕਰ ਲੈਣ ਤਾਂ ਪੁਟਾਈ ਕਰੋ। ਵੱਡੇ ਪੱਧਰ ਤੇ 67.5 ਸੈਂਟੀਮੀਟਰ ਦੀ ਦੂਰੀ ਵਾਲੇ ਬੈੱਡਾਂ ਉੱਤੇ ਤਿਆਰ ਕੀਤੀ ਗਾਜਰ ਲਈ ਟਰੈਕਟਰ ਨਾਲ ਚੱਲਣ ਵਾਲੀ ਪੁੱਟਣ ਵਾਲੀ ਮਸ਼ੀਨ ਵਰਤੀ ਜਾ ਸਕਦੀ ਹੈ, ਜਿਸ ਦੀ ਔਸਤ ਸਮਰੱਥਾ ਲਗਭਗ 0.62 ਏਕੜ ਪ੍ਰਤੀ ਘੰਟਾ ਹੈ। ਪੁਟਾਈ ਤੋਂ ਬਾਅਦ ਗਾਜਰਾਂ ਦੇ ਪੱਤੇ ਕੱਟ ਕੇ ਅਤੇ ਧੋਣ ਉਪਰੰਤ ਮੰਡੀ ਵਿੱਚ ਭੇਜੋ। ਪੁਟਾਈ ਵਿੱਚ ਦੇਰੀ ਨਾਲ ਜੜ੍ਹਾਂ ਦੀ ਖਾਣਯੋਗ ਗੁਣਵੱਤਾ ਘਟ ਸਕਦੀ ਹੈ।

ਵੱਧ ਝਾੜ ਅਤੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਢੁੱਕਵੀਆਂ ਕਿਸਮਾਂ ਦੀ ਚੋਣ, ਸਮੇਂ ਸਿਰ ਬਿਜਾਈ, ਸੰਤੁਲਿਤ ਖਾਦਾਂ ਦੀ ਵਰਤੋਂ, ਸਹੀ ਸਿੰਚਾਈ ਅਤੇ ਮਸ਼ੀਨੀ ਬਿਜਾਈ ਤੇ ਪੁਟਾਈ ਅਪਣਾ ਕੇ ਕਿਸਾਨ ਘੱਟ ਲਾਗਤ ਨਾਲ ਵੱਧ ਝਾੜ ਲੈ ਸਕਦੇ ਹਨ। ਲਾਲ, ਸੰਤਰੀ, ਪੀਲੀਆਂ ਅਤੇ ਜਾਮਨੀ ਗਾਜਰਾਂ ਤਾਜ਼ੀ ਮੰਡੀ ਦੇ ਨਾਲ-ਨਾਲ ਪ੍ਰੋਸੈਸਿੰਗ, ਲਈ ਵੀ ਮੌਕੇ ਪ੍ਰਦਾਨ ਕਰਦੀਆਂ ਹਨ। ਇਸ ਲਈ ਗਾਜਰ ਦੀ ਵਿਗਿਆਨਕ ਅਤੇ ਮੰਡੀ-ਮੁਖੀ ਕਾਸ਼ਤ ਪੰਜਾਬ ਵਿੱਚ ਇੱਕ ਲਾਭਕਾਰੀ ਉੱਦਮ ਅਤੇ ਫ਼ਸਲੀ ਵਿਭਿੰਨਤਾ ਦਾ ਮਹੱਤਵਪੂਰਨ ਹਿੱਸਾ ਬਣ ਸਕਦੀ ਹੈ।



# ਖੇਤੀ ਦੇ ਨਵੇਂ ਰਾ
# ਪੀ ਏ ਯੂ

ਡਾ. ਹਰਪਾ
ਪੀ ਏ ਯੂ ਰਿਜਨਲ ਰਿਸ

ਪੀ ਏ ਯੂ ਵੱਲੋਂ ਕਿਸਾਨ ਮੇਲਿਆਂ ਦੀ ਪਰੰਪਰਾ 1967 ਵਿੱਚ ਸ਼ੁਰੂ ਕੀਤੀ ਗਈ । ਉਸ ਸਮੇਂ ਪੰਜਾਬ ਹਰੀ ਕ੍ਰਾਂਤੀ ਦੀ ਦਹਿਲੀਜ਼ 'ਤੇ ਖੜ੍ਹਾ ਸੀ ਅਤੇ ਕਿਸਾਨਾਂ ਨੂੰ ਉੱਚ ਉਪਜ ਵਾਲੀਆਂ ਕਿਸਮਾਂ, ਸੰਤੁਲਿਤ ਖਾਦਾਂ, ਕੀਟ ਪ੍ਰਬੰਧਨ ਅਤੇ ਆਧੁਨਿਕ ਖੇਤੀ ਤਕਨੀਕਾਂ ਨਾਲ ਜਾਣੂ ਕਰਵਾਉਣ ਦੀ ਲੋੜ ਸੀ । ਇਸ ਮਕਸਦ ਨਾਲ ਸ਼ੁਰੂ ਹੋਏ ਕਿਸਾਨ ਮੇਲੇ ਸਮੇਂ ਦੇ ਨਾਲ ਵਿਸ਼ਾਲ ਜਨ-ਅੰਦੋਲਨ ਦਾ ਰੂਪ ਧਾਰ ਗਏ । ਅੱਜ ਹਰ ਸਾਲ ਹਜਾਰਾਂ ਹੀ ਨਹੀਂ, ਲੱਖਾਂ ਕਿਸਾਨ ਇਨ੍ਹਾਂ ਮੇਲਿਆਂ ਵਿੱਚ ਸ਼ਮੂਲੀਅਤ ਕਰਦੇ ਹਨ ਅਤੇ ਖੇਤੀਬਾੜੀ ਦੇ ਨਵੇਂ ਰੁਝਾਨਾਂ ਨਾਲ ਜਾਣੂ ਹੁੰਦੇ ਹਨ ।

ਪੀ ਏ ਯੂ ਵੱਲੋਂ ਹਰ ਸਾਲ ਮਾਰਚ ਅਤੇ ਸਤੰਬਰ ਦੇ ਮਹੀਨੇ ਵਿੱਚ ਲੁਧਿਆਣਾ ਵਿਖੇ ਮੁੱਖ ਕਿਸਾਨ ਮੇਲੇ ਤੋਂ ਇਲਾਵਾ ਗੁਰਦਾਸਪੁਰ, ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ), ਬਠਿੰਡਾ, ਪਟਿਆਲਾ, ਫ਼ਰੀਦਕੋਟ, ਅੰਮ੍ਰਿਤਸਰ ਅਤੇ ਹੋਰ ਖੇਤੀ-ਜਲਵਾਯੂ ਖੇਤਰਾਂ ਵਿੱਚ ਖੇਤਰੀ ਕਿਸਾਨ ਮੇਲੇ ਵੀ ਆਯੋਜਿਤ ਕੀਤੇ ਜਾਂਦੇ ਹਨ । ਇਨ੍ਹਾਂ ਦਾ ਮੁੱਖ ਉਦੇਸ਼ ਖੇਤਰ-ਵਿਸ਼ੇਸ਼ ਸਮੱਸਿਆਵਾਂ ਅਨੁਸਾਰ ਵਿਗਿਆਨਕ ਹੱਲ ਪ੍ਰਦਾਨ ਕਰਨਾ ਹੈ ।

ਜੇ ਕਿਸਾਨ ਖੇਤੀਬਾੜੀ ਦਾ ਸਰੀਰ ਹੈ ਤਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਉਸ ਦੀ ਆਤਮਾ ਹੈ । ਇਨ੍ਹਾਂ ਦੋਵਾਂ ਦੇ ਮੇਲ ਤੋਂ ਬਿਨਾਂ ਨਾ ਤਾਂ ਖੇਤੀ ਅੱਗੇ ਵੱਧ ਸਕਦੀ ਹੈ ਅਤੇ ਨਾ ਹੀ ਐਗਰੋ ਅਧਾਰਤ ਉਦਯੋਗ ਪੈਰਾਂ ਸਿਰ ਹੋ ਸਕਦਾ ਹੈ । ਇਹ ਮੇਲੇ ਸਿਰਫ਼ ਇੱਕ ਪ੍ਰਦਰਸ਼ਨੀ ਨਹੀਂ ਹਨ, ਬਲਕਿ ਇਹ ਪੰਜਾਬ ਦੇ ਕਿਸਾਨ, ਵਿਗਿਆਨੀ ਅਤੇ ਉਦਯੋਗ ਤਿੰਨਾਂ ਨੂੰ ਇੱਕ ਮੰਚ 'ਤੇ ਲਿਆਉਣ ਵਾਲਾ ਪੁਲ ਹਨ ।

| ਸਥਾਨ | ਮਿਤੀ |
|---|---|
| ਨਾਗਕਲਾਂ-ਜਹਾਂਗੀਰ (ਅੰਮ੍ਰਿਤਸਰ) | 9 ਸਤੰਬਰ 2026 (ਬੁੱਧਵਾਰ) |
| ਬੱਲੋਵਾਲ ਸੌਂਖੜੀ | 11 ਸਤੰਬਰ 2026 (ਸ਼ੁਕਰਵਾਰ) |
| ਰੌਣੀ (ਪਟਿਆਲਾ) | 15 ਸਤੰਬਰ 2026 (ਮੰਗਲਵਾਰ) |
| ਪੀ. ਏ. ਯੂ., ਲੁਧਿਆਣਾ | 18-19 ਸਤੰਬਰ 2026 (ਸ਼ੁੱਕਰਵਾਰ-ਸ਼ਨੀਵਾਰ) |
| ਫ਼ਰੀਦਕੋਟ | 22 ਸਤੰਬਰ 2026 (ਮੰਗਲਵਾਰ) |
| ਬਠਿੰਡਾ | 25 ਸਤੰਬਰ 2026 (ਸ਼ੁੱਕਰਵਾਰ) |
| ਗੁਰਦਾਸਪੁਰ | 29 ਸਤੰਬਰ 2026 (ਮੰਗਲਵਾਰ) |



ਖੇਤੀਬਾੜੀ ਇੱਕ ਗਤੀਸ਼ੀਲ ਖੇਤਰ ਹੈ, ਜਿੱਥੇ ਹਰ ਸਾਲ ਨਵੀਆਂ ਚੁਣੌਤੀਆਂ ਅਤੇ ਨਵੇਂ ਮੌਕੇ ਸਾਹਮਣੇ ਆਉਂਦੇ ਹਨ । ਜਲਵਾਯੂ ਪਰਿਵਰਤਨ, ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਕਮੀ, ਪਾਣੀ ਦੀ ਘਾਟ, ਨਵੇਂ ਕੀਟ ਅਤੇ ਰੋਗ, ਖੇਤੀ ਲਾਗਤ ਵਿੱਚ ਵਾਧਾ ਅਤੇ ਮੰਡੀ ਪ੍ਰਬੰਧਨ ਵਰਗੇ ਮੁੱਦਿਆਂ ਦਾ ਹੱਲ ਕੇਵਲ ਵਿਗਿਆਨਕ ਜਾਣਕਾਰੀ ਰਾਹੀਂ ਹੀ ਸੰਭਵ ਹੈ । ਕਿਸਾਨ ਮੇਲੇ ਇਸ ਜਾਣਕਾਰੀ ਨੂੰ ਸਧਾਰਨ ਅਤੇ ਵਿਹਾਰਕ ਢੰਗ ਨਾਲ ਕਿਸਾਨਾਂ ਤੱਕ ਪਹੁੰਚਾਉਂਦੇ ਹਨ । ਮੇਲਿਆਂ ਵਿੱਚ ਕਿਸਾਨਾਂ ਨੂੰ ਨਵੀਆਂ ਫ਼ਸਲੀ ਕਿਸਮਾਂ, ਬੀਜ ਉਤਪਾਦਨ, ਮਿੱਟੀ ਜਾਂਚ, ਪਾਣੀ ਦੀ ਕੁਸ਼ਲ ਵਰਤੋਂ, ਖਾਦ ਪ੍ਰਬੰਧਨ, ਵਾਤਾਵਰਣ ਪੱਖੀ ਬਿਮਾਰੀ, ਇਕਸਾਰ ਨਦੀਨ ਪ੍ਰਬੰਧਨ, ਜੈਵਿਕ ਅਤੇ ਕੁਦਰਤੀ ਖੇਤੀ, ਸਟੀਕ ਖੇਤੀ (Precision Agriculture), ਡਰੋਨ ਤਕਨਾਲੋਜੀ, ਡਿਜੀਟਲ ਖੇਤੀ ਅਤੇ ਸਮਾਰਟ ਮਸ਼ੀਨਰੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਜਾਂਦੀ ਹੈ । ਬਾਗਬਾਨੀ ਵਿਭਾਗ ਫ਼ਲਦਾਰ ਬੂਟਿਆਂ/ਸਬਜ਼ੀਆਂ/ਫੁੱਲਾਂ ਦੀਆਂ ਨਵੀਆਂ ਕਿਸਮਾਂ ਬਾਰੇ ਜਾਣਕਾਰੀ ਦਿੰਦਾ ਹੈ । ਖੁਰਾਕ ਅਤੇ ਤਕਨਾਲੋਜੀ ਵਿਭਾਗ ਅਚਾਰ, ਜੈਮ, ਜੂਸ ਅਤੇ ਹੋਰ ਵੈਲਿਊ ਐਡਿਡ ਉਤਪਾਦ ਤਿਆਰ ਕਰਨ ਬਾਰੇ ਕਿਸਾਨਾਂ ਨੂੰ ਸਲਾਹ ਦਿੰਦਾ ਹੈ ਕਿ ਆਪਣੀ ਫ਼ਸਲ ਨੂੰ ਵੇਚਣ ਦੀ ਬਜਾਏ ਪ੍ਰੋਸੈਸ ਕਰਕੇ ਵਧੇਰੇ ਮੁਨਾਫ਼ਾ ਕਮਾ ਸਕਣ । ਕਿਸਾਨ ਮੇਲਾ ਪੰਜਾਬ ਹੀ ਨਹੀਂ ਸਗੋਂ ਏਸ਼ੀਆ ਦੇ ਸਭ ਤੋਂ ਵੱਡੇ ਖੇਤੀਬਾੜੀ ਮੇਲਿਆਂ ਵਿੱਚੋਂ ਇੱਕ ਹੈ ।

ਅੱਜ ਦੀਆਂ ਚੁਣੌਤੀਆਂ ਨੂੰ ਦੇਖਦੇ ਹੋਏ ਕੇਵਲ ਕਣਕ ਅਤੇ ਝੋਨੇ 'ਤੇ ਨਿਰਭਰ ਰਹਿਣਾ ਲੰਬੇ ਸਮੇਂ ਲਈ ਲਾਭਕਾਰੀ ਨਹੀਂ ਹੈ । ਇਸ ਲਈ ਕਿਸਾਨ ਮੇਲਿਆਂ ਵਿੱਚ ਦਾਲਾਂ, ਤੇਲਬੀਜ, ਮੱਕੀ, ਬਾਜਰਾ, ਮੂਲ ਅਨਾਜ, ਫ਼ਲ, ਸਬਜ਼ੀਆਂ, ਫੁੱਲਾਂ ਦੀ ਖੇਤੀ, ਔਸ਼ਧੀ ਪੌਦੇ, ਮਧੂ-ਮੱਖੀ ਪਾਲਣ, ਮੱਛੀ ਪਾਲਣ, ਪਸ਼ੂ ਪਾਲਣ, ਖੁੰਭ ਉਤਪਾਦਨ, ਜੈਵਿਕ ਖੇਤੀ ਅਤੇ ਖੇਤੀ-ਅਧਾਰਿਤ ਉਦਯੋਗਾਂ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ ਜਾਂਦੀ ਹੈ । ਇਸ ਨਾਲ ਕਿਸਾਨਾਂ ਨੂੰ ਆਮਦਨ ਦੇ ਨਵੇਂ ਸਰੋਤ ਵਿਕਸਤ ਕਰਨ ਵਿੱਚ ਮਦਦ ਮਿਲਦੀ ਹੈ ਅਤੇ ਖੇਤੀ ਹੋਰ ਲਾਭਕਾਰੀ ਬਣਦੀ ਹੈ ।

ਕਿਸਾਨ ਮੇਲੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇੱਥੇ ਕਿਸਾਨ ਅਤੇ ਉਦਯੋਗ ਆਹਮੋ-ਸਾਹਮਣੇ ਆਉਂਦੇ ਹਨ । ਮੇਲੇ ਵਿੱਚ ਟਰੈਕਟਰ, ਕੰਪਨੀਆਂ, ਖਾਦ ਕੰਪਨੀਆਂ, ਫਾਰਮ ਮਸ਼ੀਨਰੀ/ਸਿੰਚਾਈ ਉਪਕਰਨ ਬਣਾਉਣ ਵਾਲੀਆਂ ਫਰਮਾਂ, ਡੇਅਰੀ ਉਪਕਰਨ ਅਤੇ ਫੂਡ ਪ੍ਰੋਸੈਸਿੰਗ ਮਸ਼ੀਨਾਂ ਵੇਚਣ ਵਾਲੀਆਂ




ਕੰਪਨੀਆਂ ਆਪਣੇ ਨਵੇਂ ਉਤਪਾਦ ਲੈ ਕੇ ਆਉਂਦੀਆਂ ਹਨ । ਕਿਸਾਨ ਉਨ੍ਹਾਂ ਮਸ਼ੀਨਾਂ ਨੂੰ ਚਲਾ ਕੇ ਦੇਖਦਾ ਹੈ, ਕੀਮਤ ਪੁੱਛਦਾ ਹੈ ਅਤੇ ਆਪਣੀ ਜ਼ਮੀਨ ਮੁਤਾਬਕ ਸਲਾਹ ਲੈਂਦਾ ਹੈ । ਉੱਥੇ ਹੀ ਫੂਡ ਪ੍ਰੋਸੈਸਿੰਗ, ਕੋਲਡ ਸਟੋਰੇਜ ਅਤੇ ਨਿਰਯਾਤ ਨਾਲ ਜੁੜੀਆਂ ਕੰਪਨੀਆਂ ਦੇ ਨੁਮਾਇੰਦੇ ਵੀ ਮੌਜੂਦ ਹੁੰਦੇ ਹਨ । ਉਹ ਕਿਸਾਨਾਂ ਨਾਲ ਸਿੱਧੀ ਗੱਲ ਕਰਦੇ ਹਨ ਅਤੇ ਇਕਰਾਰਨਾਮੇ ਅਧੀਨ ਖੇਤੀ ਦੇ ਮੌਕੇ ਦਿੰਦੇ ਹਨ । ਮੇਲੇ ਕਿਸਾਨਾਂ ਲਈ ਨਵੀਂ ਤਕਨਾਲੋਜੀ ਦਾ ਦਰਵਾਜ਼ਾ ਖੋਲ੍ਹਦਾ ਹੈ ਅਤੇ ਉਦਯੋਗ ਲਈ ਕੱਚੇ ਮਾਲ ਦੀ ਗਾਰੰਟੀ ਵਾਲੀ ਮੰਡੀ ਬਣ ਜਾਂਦੇ ਹਨ । ਕਿਸਾਨ ਮੇਲਿਆਂ ਵਿੱਚ ਆਧੁਨਿਕ ਖੇਤੀ ਮਸ਼ੀਨਰੀ ਦੀਆਂ ਪ੍ਰਦਰਸ਼ਨੀਆਂ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਹੁੰਦੀਆਂ ਹਨ । ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡ ਡ੍ਰਿਲ, ਲੇਜ਼ਰ ਲੈਂਡ ਲੈਵਲਰ, ਡਰੋਨ ਸਪ੍ਰੇਅਰ, ਮਲਚਿੰਗ ਮਸ਼ੀਨਾਂ, ਜ਼ੀਰੋ ਟਿੱਲ ਡ੍ਰਿਲ ਅਤੇ ਹੋਰ ਨਵੀਨ ਉਪਕਰਨਾਂ ਦੇ ਪ੍ਰਦਰਸ਼ਨ ਰਾਹੀਂ ਕਿਸਾਨਾਂ ਨੂੰ ਘੱਟ ਲਾਗਤ, ਸਮੇਂ ਦੀ ਬਚਤ ਅਤੇ ਵਾਤਾਵਰਣ ਸੁਰੱਖਿਆ ਵਾਲੀਆਂ ਤਕਨੀਕਾਂ ਅਪਣਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ ।

ਪਿਛਲੇ ਕੁਝ ਸਾਲਾਂ ਵਿੱਚ ਪੀ.ਏ.ਯੂ. ਨੇ ਕਿਸਾਨ ਮੇਲੇ ਨੂੰ ਜਲਵਾਯੂ ਅਨੁਕੂਲ ਖੇਤੀ ਨਾਲ ਜੋੜ ਦਿੱਤਾ ਹੈ । ਹੁਣ ਮੇਲੇ ਵਿੱਚ ਝੋਨੇ ਦੀ ਸਿੱਧੀ ਬਿਜਾਈ, ਝੋਨੇ ਤੋਂ ਬਾਅਦ ਕਣਕ ਦੀ ਬਿਜਾਈ ਬਿਨਾਂ ਵਾਹੀ, ਫ਼ਸਲੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਦੱਬਣਾ, ਡਰਿੱਪ ਅਤੇ ਸਪਰਿੰਕਲਰ ਸਿੰਚਾਈ, ਸੋਲਰ ਪੰਪ ਅਤੇ ਪਰਾਲੀ ਪ੍ਰਬੰਧਨ ਵਾਲੀਆਂ ਮਸ਼ੀਨਾਂ ਨੂੰ ਖਾਸ ਥਾਂ ਦਿੱਤੀ ਜਾਂਦੀ ਹੈ । ਪੀ ਏ ਯੂ ਦੇ ਮਾਹਿਰ ਮੰਚ ਤੋਂ ਕਿਸਾਨਾਂ ਨੂੰ ਸਮਝਾਉਂਦੇ ਹਨ ਕਿ ਜ਼ਮੀਨ ਹੇਠਲਾ ਪਾਣੀ ਬਚਾਉਣਾ ਕਿੰਨਾ ਜ਼ਰੂਰੀ ਹੈ ਅਤੇ ਫ਼ਸਲਾਂ ਦੀ ਵਿਭਿੰਨਤਾ ਅਪਣਾ ਕੇ ਆਮਦਨ ਕਿਵੇਂ ਵਧਾਈ ਜਾ ਸਕਦੀ ਹੈ । ਮੇਲੇ ਵਿੱਚ ਨੌਜਵਾਨ ਕਿਸਾਨਾਂ ਅਤੇ ਖੇਤੀ ਉਦਮੀਆਂ ਲਈ ਵਿਸ਼ੇਸ਼ ਸੈਸ਼ਨ ਰੱਖੇ ਜਾਂਦੇ ਹਨ, ਜਿੱਥੇ ਉਨ੍ਹਾਂ ਨੂੰ ਐਗਰੀ-ਸਟਾਰਟਅੱਪ ਸ਼ੁਰੂ ਕਰਨ, ਆਨਲਾਈਨ ਮਾਰਕੀਟਿੰਗ ਕਰਨ ਅਤੇ ਆਪਣੇ ਉਤਪਾਦਾਂ ਨੂੰ ਬ੍ਰਾਂਡ ਬਣਾਉਣ ਬਾਰੇ ਸਿਖਲਾਈ ਦਿੱਤੀ ਜਾਂਦੀ ਹੈ । ਕਿਸਾਨ ਮੇਲਾ ਹੁਣ ਸਿਰਫ਼ ਖੇਤੀ ਤੱਕ ਸੀਮਤ ਨਹੀਂ ਰਿਹਾ, ਬਲਕਿ ਇਹ ਪੇਂਡੂ ਉਦਯੋਗ ਅਤੇ ਰੁਜ਼ਗਾਰ ਦਾ ਕੇਂਦਰ ਬਣ ਗਿਆ ਹੈ ।

ਕਿਸਾਨ ਮੇਲੇ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਇਹ ਦੋ-ਪੱਖੀ ਸੰਵਾਦ ਦਾ ਮੰਚ ਹੈ । ਕਿਸਾਨ ਆਪਣੀਆਂ ਸਮੱਸਿਆਵਾਂ ਸਿੱਧੇ ਵਿਗਿਆਨੀਆਂ ਨੂੰ ਦੱਸਦਾ ਹੈ ਅਤੇ ਵਿਗਿਆਨੀ ਉਸੇ ਸਮੇਂ ਉਸਦਾ ਹੱਲ ਦੱਸਦੇ ਹਨ । ਕਈ ਵਾਰ ਕਿਸਾਨ ਦੇ ਸੁਝਾਅ ਤੋਂ ਹੀ ਪੀ ਏ ਯੂ ਵਿੱਚ ਨਵੀਂ ਖੋਜ ਸ਼ੁਰੂ ਹੋ ਜਾਂਦੀ ਹੈ । ਇਸੇ ਤਰ੍ਹਾਂ ਉਦਯੋਗ ਨੂੰ ਵੀ ਪਤਾ ਲੱਗ ਜਾਂਦਾ ਹੈ ਕਿ ਕਿਸਾਨ ਨੂੰ ਅਸਲ ਵਿੱਚ ਕਿਸ ਚੀਜ਼ ਦੀ ਲੋੜ ਹੈ । ਜਦੋਂ ਕੋਈ ਕੰਪਨੀ ਨਵੀਂ ਮਸ਼ੀਨ ਬਣਾਉਂਦੀ ਹੈ ਤਾਂ ਉਹ ਪਹਿਲਾਂ ਮੇਲੇ ਵਿੱਚ ਲਿਆ ਕੇ ਕਿਸਾਨਾਂ ਦੀ ਰਾਏ ਲੈਂਦੀ ਹੈ । ਇਸ ਨਾਲ ਖੋਜ, ਕਿਸਾਨ ਅਤੇ ਉਦਯੋਗ ਤਿੰਨਾਂ ਦਾ ਫਾਇਦਾ ਹੁੰਦਾ ਹੈ ।

ਅੱਜ ਜਦੋਂ ਦੁਨੀਆਂ ਭੋਜਨ ਸੁਰੱਖਿਆ ਅਤੇ ਟਿਕਾਊ ਖੇਤੀ ਦੀ ਗੱਲ ਕਰ ਰਹੀ ਹੈ ਤਾਂ ਪੀ.ਏ.ਯੂ. ਅਤੇ ਕਿਸਾਨ ਮੇਲਿਆਂ ਦੀ ਭੂਮਿਕਾ ਹੋਰ ਵੀ ਵੱਧ ਗਈ ਹੈ । ਪੀ ਏ ਯੂ ਖੋਜ ਕਰਕੇ ਨਵੇਂ ਰਸਤੇ ਦਿਖਾਉਂਦੀ ਹੈ ਅਤੇ ਕਿਸਾਨ ਮੇਲਾ ਉਨ੍ਹਾਂ ਰਸਤਿਆਂ 'ਤੇ ਚੱਲਣ ਲਈ ਕਿਸਾਨਾਂ ਨੂੰ ਪ੍ਰੇਰਦਾ ਹੈ । ਜੇ ਕਿਸਾਨ ਮਿਹਨਤ ਨਾਲ ਅਨਾਜ ਪੈਦਾ ਕਰਦਾ ਹੈ ਤਾਂ ਪੀ ਏ ਯੂ ਉਸ ਅਨਾਜ ਨੂੰ ਵਧੀਆ ਬੀਜ ਅਤੇ ਸਹੀ ਢੰਗ ਨਾਲ ਵਧੇਰੇ ਬਣਾਉਂਦੀ ਹੈ ਅਤੇ



# ਾਂ ਦੇ ਰਾਹਦਰਸ਼ਕ ਕਿਸਾਨ ਮੇਲੇ

ਲ ਸਿੰਘ ਰੰਧਾਵਾ,
ਰਚ ਸਟੇਸ਼ਨ, ਗੁਰਦਾਸਪੁਰ



ਉਦਯੋਗ ਉਸ ਨੂੰ ਵਿਸ਼ਵ ਬਜ਼ਾਰ ਤੱਕ ਪਹੁੰਚਾਉਂਦਾ ਹੈ। ਇਹ ਤਿੰਨਾਂ ਦੀ ਤਿਕੋਣੀ ਸਾਂਝ ਹੀ ਪੰਜਾਬ ਦੀ ਖੇਤੀਬਾੜੀ ਨੂੰ ਅੱਗੇ ਲੈ ਕੇ ਜਾ ਰਹੀ ਹੈ।

ਸੰਖੇਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਕਿਸਾਨ ਮੇਲੇ ਪੀ ਏ ਯੂ ਦੀ ਖੋਜ ਅਤੇ ਕਿਸਾਨ ਦੀ ਮਿਹਨਤ ਨੂੰ ਜੋੜਨ ਲਈ ਸੁਨਹਿਰੀ ਕੜੀ ਹਨ। ਮੇਲੇ ਕਿਸਾਨਾਂ ਨੂੰ ਸਨਮਾਨ ਦਿੰਦੇ ਹਨ, ਉਸਨੂੰ ਨਵਾਂ ਗਿਆਨ ਦਿੰਦੇ ਹਨ ਅਤੇ ਉਦਯੋਗ ਨੂੰ ਨਵੇਂ ਮੌਕੇ ਦਿੰਦੇ ਹਨ। ਜਦੋਂ ਤੱਕ ਕਿਸਾਨ ਖੁਸ਼ਹਾਲ ਰਹੇਗਾ ਅਤੇ ਪੀ ਏ ਯੂ ਨਵੀਨਤਾ ਕਰਦੀ ਰਹੇਗੀ ਤਦੋਂ ਤੱਕ ਪੰਜਾਬ ਦੀ ਐਗਰੋ ਉਦਯੋਗ ਵੀ ਦਿਨ-ਦੁੱਗਣੀ ਰਾਤ-ਚੌਗਣੀ ਤਰੱਕੀ ਕਰਦਾ ਰਹੇਗਾ। ਲੋੜ ਇਸ ਗੱਲ ਦੀ ਹੈ ਕਿ ਸਰਕਾਰ, ਯੂਨੀਵਰਸਿਟੀ, ਕਿਸਾਨ ਅਤੇ ਉਦਯੋਗ ਮਿਲ ਕੇ ਮੇਲੇ ਨੂੰ ਹੋਰ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਬਣਾਉਣ ਤਾਂ ਜੋ ਪੰਜਾਬ ਦੀ ਖੇਤੀਬਾੜੀ ਆਉਣ ਵਾਲੇ ਸਮੇਂ ਦੀਆਂ ਚੁਣੌਤੀਆਂ ਦਾ ਡਟ ਕੇ ਮੁਕਾਬਲਾ ਕਰ ਸਕੇ।

ਪੀ ਏ ਯੂ ਲੁਧਿਆਣਾ ਨੇ ਪੰਜਾਬ ਦੀ ਖੇਤੀ ਨੂੰ ਵਿਗਿਆਨਕ ਆਧਾਰ ਪ੍ਰਦਾਨ ਕਰਨ ਅਤੇ ਕਿਸਾਨਾਂ ਦੀ ਆਰਥਿਕ ਹਾਲਤ ਮਜ਼ਬੂਤ ਕਰਨ ਵਿੱਚ ਇਤਿਹਾਸਕ ਭੂਮਿਕਾ ਨਿਭਾਈ ਹੈ। ਹਰੀ ਕ੍ਰਾਂਤੀ ਤੋਂ ਲੈ ਕੇ ਅੱਜ ਦੇ ਡਿਜੀਟਲ ਅਤੇ ਜਲਵਾਯੂ ਪਰਿਵਰਤਨ ਦੇ ਯੁੱਗ ਤੱਕ, ਪੀ ਏ ਯੂ ਨੇ ਖੋਜ, ਸਿੱਖਿਆ ਅਤੇ ਪਸਾਰ ਸਿੱਖਿਆ ਦੇ ਤਿੰਨ ਮਜ਼ਬੂਤ ਥੰਮ੍ਹਾਂ ਰਾਹੀਂ ਖੇਤੀਬਾੜੀ ਨੂੰ ਨਵੀਂ ਦਿਸ਼ਾ ਦਿੱਤੀ ਹੈ। ਇਨ੍ਹਾਂ ਵਿੱਚੋਂ ਪਸਾਰ ਸਿੱਖਿਆ ਦਾ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਕਿਸਾਨ ਮੇਲੇ ਹਨ, ਜੋ ਵਿਗਿਆਨੀਆਂ ਅਤੇ ਕਿਸਾਨਾਂ ਵਿਚਕਾਰ ਇੱਕ ਪੁਲ ਦਾ ਕੰਮ ਕਰਦੇ ਹਨ।








# ਰੁੱਖ ਤੇ ਮਨੁੱਖ ਦੀ ਕਦੀਮੀ ਸਾਂਝ

ਹਵਾ, ਪਾਣੀ ਤੇ ਧਰਤੀ ਜੀਵਨ ਦੇ ਬੁਨਿਆਦੀ ਤੱਤ ਹਨ ਪਰੰਤੂ ਇਨ੍ਹਾਂ ਵਿਚ ਹੋ ਰਿਹਾ ਲਗਾਤਾਰ ਪ੍ਰਦੂਸ਼ਣ ਦਾ ਵਾਧਾ ਕੁਦਰਤੀ ਸੰਤੁਲਨ ਨੂੰ ਵਿਗਾੜ ਰਿਹਾ ਹੈ। ਇਸ ਦੇ ਵੱਡੇ ਪੱਧਰ 'ਤੇ ਮਾਰੂ ਅਸਰ ਪੈ ਰਹੇ ਹਨ। ਧਰਤੀ ਦੇ ਤਾਪਮਾਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਗਲੇਸ਼ੀਅਰ ਪਿਘਲ ਰਹੇ ਹਨ। ਕੁਦਰਤ ਵਲੋਂ ਮਨੁੱਖੀ ਜ਼ਿੰਦਗੀ ਨੂੰ ਸੂਰਜ ਦੀਆਂ ਪਰਾ-ਵੈਂਗਣੀ ਕਿਰਨਾਂ ਤੋਂ ਬਚਾਉਣ ਵਾਸਤੇ ਜੋ 'ਓਜ਼ੋਨ' ਦੀ ਕੁਦਰਤੀ ਛਤਰੀ ਤਾਣੀ ਗਈ ਹੈ, ਉਸ ਵਿਚ ਛੇਕ ਹੋ ਰਹੇ ਹਨ। ਕੈਂਸਰ, ਦਮਾ, ਹੈਜ਼ਾ, ਕਾਲਾ ਪੀਲੀਆ, ਅਲਰਜੀ, ਚਮੜੀ ਅਤੇ ਦਿਲ ਦੇ ਰੋਗੀਆਂ ਦੀ ਦਿਨੋ-ਦਿਨ ਗਿਣਤੀ ਵਧ ਰਹੀ ਹੈ। ਇਸ ਦੇ ਵੱਡੇ ਕਾਰਨਾਂ ਵਿਚ ਜੰਗਲਾਂ ਦੀ ਅੱਗ, ਗੱਡੀਆਂ ਦਾ ਧੂੰਆਂ, ਫੈਕਟਰੀਆਂ ਵਿਚੋਂ ਨਿਕਲਦੀਆਂ ਹਾਨੀਕਾਰਕ ਗੈਸਾਂ ਤੇ ਪਾਣੀ ਅਤੇ ਰੁੱਖਾਂ ਦੀ ਲਗਾਤਾਰ ਹੋ ਰਹੀ ਕਟਾਈ ਸ਼ਾਮਿਲ ਹੈ। ਜਲਵਾਯੂ ਪਰਿਵਰਤਨ ਵਾਲੀ ਇਸ ਮਾਰੂ ਸਥਿਤੀ ਵਿਚ ਵਾਤਾਵਰਨ ਪ੍ਰਤੀ ਸਾਡੀ ਚਿੰਤਾ ਵਧਣੀ ਸੁਭਾਵਕ ਹੈ। ਸਰਬੱਤ ਦੇ ਭਲੇ ਲਈ ਵਾਤਾਵਰਨ ਪ੍ਰਤੀ ਜਾਗਰੂਕਤਾ ਫੈਲਾਉਣ ਹਿਤ 5 ਜੂਨ ਨੂੰ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਜਾਂਦਾ ਹੈ।

ਮਨੁੱਖੀ ਹੋਂਦ ਅਤੇ ਪ੍ਰਕਿਰਤੀ ਵਿਚ ਸਾਵਾਂਪਣ ਬਣਾਈ ਰੱਖਣ ਲਈ ਰੁੱਖਾਂ ਦਾ ਬਹੁਤ ਮਹੱਤਵ ਹੈ। ਇਹ ਉਹ ਪੌਦੇ ਹੁੰਦੇ ਹਨ ਜਿਨ੍ਹਾਂ ਵਿਚ ਸਥਾਈ ਰੂਪ ਵਿਚ ਲੱਕੜ ਵਾਲਾ ਤਣਾ ਹੁੰਦਾ ਹੈ, ਜਿਹੜੇ ਆਮ ਤੌਰ 'ਤੇ ਕਾਫੀ ਉਚਾਈ ਤਕ ਵਧਦੇ ਹਨ ਅਤੇ ਧਰਤੀ 'ਤੇ ਵੱਡੇ ਦਾਇਰੇ ਵਿਚ ਆਪਣੀਆਂ ਟਹਿਣੀਆਂ ਵਿਕਸਤ ਕਰਦੇ ਹਨ। ਜੇ ਧਰਤੀ ਉੱਤੇ ਰੁੱਖਾਂ ਦੇ ਘਣੇ ਜੰਗਲ ਨਾ ਹੁੰਦੇ ਤਾਂ ਧਰਤੀ ਦੀ ਹਾਲਤ ਕੁਝ ਹੋਰ ਹੀ ਹੋਣੀ ਸੀ ਅਤੇ ਮਨੁੱਖੀ ਜੀਵਨ ਸੰਭਵ ਨਹੀਂ ਸੀ ਹੋਣਾ। ਵਾਤਾਵਰਨ ਸਮੇਂ ਵਿਚ ਧਰਤੀ ਉੱਤੇ ਹੋ ਰਹੀ ਜੰਗਲਾਂ ਦੀ ਅੰਨ੍ਹੇਵਾਹ ਕਟਾਈ ਦਾ ਰੁਝਾਨ ਸਥਿਤੀ ਨੂੰ ਸੰਕਟਮਈ ਬਣਾ ਰਿਹਾ ਹੈ। ਇਹ ਮੁੱਦਾ ਮਾਨਵੀ ਜੀਵਨ ਦੇ ਰਾਹ ਵਿਚ ਕੰਡੇ ਬੀਜ ਰਿਹਾ ਹੈ ਅਤੇ ਇਹ ਬੀਜ ਬੀਜਣ ਵਾਲੇ ਵੀ ਅਸੀਂ ਹੀ ਹਾਂ ਪਰੰਤੂ ਸਿੱਟਾ ਸਾਡੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਭੁਗਤਣਾ ਪਵੇਗਾ।

ਜੁਗਾਂ-ਜੁਗਾਂਤਰਾਂ ਤੋਂ ਰੁੱਖ, ਮਨੁੱਖ ਨਾਲ ਆਪਣੀ ਸਾਂਝ ਨਿਭਾਉਂਦੇ ਆ ਰਹੇ ਹਨ। ਮਨੁੱਖੀ ਜੀਵਨ ਲਈ ਜਿੰਨੀ ਸ਼ੁੱਧ ਆਕਸੀਜਨ ਜ਼ਰੂਰੀ ਹੈ, ਓਨਾ ਰੁੱਖਾਂ ਦਾ ਮਹੱਤਵ ਹੈ। ਵਾਤਾਵਰਨ 'ਚ ਫੈਲੀ ਕਾਰਬਨਡਾਈਆਕਸਾਈਡ ਨੂੰ ਇਹ ਆਕਸੀਜਨ ਵਿਚ ਬਦਲਦੇ ਹਨ ਤੇ ਉਹ ਸਾਡੀ ਪ੍ਰਾਣਦਾਤੀ-ਹਵਾ ਹੈ। ਕੁਦਰਤ ਦਾ ਕ੍ਰਿਸ਼ਮਾ ਹੀ ਹੈ ਕਿ ਅਸੀਂ ਕਾਰਬਨਡਾਈਆਕਸਾਈਡ ਛੱਡਦੇ ਹਾਂ ਪਰ ਰੁੱਖ ਉਸ ਨੂੰ ਆਪਣੇ ਭੋਜਨ ਵਜੋਂ ਵਰਤ ਕੇ ਬਦਲਵੇਂ ਰੂਪ ਵਿਚ ਸਾਨੂੰ ਆਕਸੀਜਨ ਦਿੰਦੇ ਹਨ। ਜਲਵਾਯੂ ਨੂੰ ਨਿਯੰਤ੍ਰਿਤ ਕਰਨ, ਮਿੱਟੀ ਦੀ ਰੱਖਿਆ ਕਰਨ ਅਤੇ ਜੰਗਲੀ-ਜੀਵਾਂ ਦੇ ਰੈਣ-ਬਸੇਰਿਆਂ ਲਈ ਇਨ੍ਹਾਂ ਦੀ ਅਹਿਮੀਅਤ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਏਨਾ ਹੀ ਨਹੀਂ ਰੁੱਖ ਕਦੇ ਮਨੁੱਖ ਦੀ ਰਿਹਾਇਸ਼ਗਾਹ ਬਣਦੇ ਰਹੇ, ਕਦੇ ਢਿੱਡ ਭਰਨ ਲਈ ਫਲ-ਪੱਤਿਆਂ ਦੇ ਸੇਵਨ ਦੇ ਰੂਪ ਵਿਚ ਮਦਦ ਕਰਦੇ ਰਹੇ। ਮਨੁੱਖ ਨੂੰ ਕੁਝ ਸੋਝੀ ਆਈ ਤਾਂ ਰੁੱਖਾਂ ਤੇ ਪੱਤਿਆਂ ਨਾਲ ਆਪਣਾ ਤਨ ਢਕਣ ਵਾਲੀ ਲੋੜ ਪੂਰੀ ਕਰਦਾ ਰਿਹਾ ਹੈ। ਏਦਾਂ ਰੁੱਖ, ਮਨੁੱਖ ਦੀਆਂ ਰੋਟੀ, ਕੱਪੜਾ ਅਤੇ ਮਕਾਨ ਸੰਬੰਧੀ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਕਰਦੇ ਹਨ। ਬਜ਼ੁਰਗ ਗਰਮੀ ਦੇ ਦਿਨਾਂ ਵਿਚ ਬਹੁਤਾ ਸਮਾਂ ਰੁੱਖਾਂ ਹੇਠ ਬੈਠ ਕੇ ਬਿਤਾਉਂਦੇ ਹਨ।

ਗ੍ਰੰਥਾਂ ਵਿਚ ਇਨ੍ਹਾਂ ਦੀ ਪ੍ਰਕਿਰਤਕ ਮਹੱਤਤਾ ਅਤੇ ਇਨ੍ਹਾਂ ਦੇ ਜੇਰੇ ਤੇ ਸਬਰ ਸੰਤੋਖ ਨੂੰ ਮਨੁੱਖ ਨੂੰ ਪ੍ਰੇਰਨਾ ਲੈਣ ਦਾ ਪੈਗਾਮ ਦਿੱਤਾ ਗਿਆ ਹੈ। ਜੰਗਲ, ਮਨੁੱਖ ਨੂੰ ਸ਼ੁੱਧ ਵਾਤਾਵਰਨ ਅਤੇ ਸ਼ਾਂਤ ਮਾਹੌਲ ਦਿੰਦੇ ਹਨ। ਪੁਰਾਣੇ ਸਮਿਆਂ ਵਿਚ ਭਗਤੀ ਅਤੇ ਵਿੱਦਿਆ ਦੀ ਪ੍ਰਾਪਤੀ ਦੇ ਚਾਹਵਾਨ ਜੰਗਲਾਂ ਵਿਚ ਜਾਂਦੇ ਰਹੇ ਹਨ। ਵਣ/ਜੰਗਲ (ਸੰਸਕ੍ਰਿਤ-ਆਰੱਣਯ) ਵਿਚ ਪੜ੍ਹੇ-ਪੜ੍ਹਾਏ ਜਾਣ ਵਾਲੇ ਗ੍ਰੰਥਾਂ ਨੂੰ ਆਰੱਣਯਕ ਨਾਂ ਦਿੱਤਾ ਜਾਂਦਾ ਹੈ ਅਤੇ ਇਹ ਵੇਦਾਂ ਦਾ ਵਾਰਤਕ ਵਾਲਾ ਹਿੱਸਾ ਹੈ। ਸੰਨਿਆਸੀ ਆਤਮ-ਤੱਤ ਅਤੇ ਬ੍ਰਹਮ ਵਿੱਦਿਆ ਦਾ ਗਿਆਨ ਇਨ੍ਹਾਂ ਗ੍ਰੰਥਾਂ ਵਿਚੋਂ ਹਾਸਲ ਕਰਦੇ ਸਨ।

ਰੁੱਖਾਂ ਦਾ ਖਾਸ ਮੌਸਮਾਂ ਨਾਲ ਸੰਬੰਧ ਜੁੜਿਆ ਹੋਇਆ ਹੈ। ਗਰਮੀ ਤੋਂ ਬਚਾਓ ਲਈ ਰੁੱਖਾਂ ਦੀਆਂ ਛਾਵਾਂ ਅਤੇ ਸੁਹਾਵਣੇ ਮੌਸਮ ਦਾ ਆਨੰਦ ਲੈਣ ਲਈ ਮੁਟਿਆਰਾਂ ਵਲੋਂ ਸਾਉਣ ਮਹੀਨੇ ਪਿੱਪਲ ਉੱਤੇ ਪੀਂਘਾਂ ਪਾ ਕੇ ਤੀਆਂ ਮਨਾਈਆਂ ਜਾਂਦੀਆਂ। ਪਿੱਪਲ ਨੂੰ ਕਈ ਬੀਮਾਰੀਆਂ ਦੇ ਇਲਾਜ ਲਈ ਇਸਤੇਮਾਲ ਕੀਤਾ ਜਾਂਦਾ ਹੈ। ਵੈਦ ਦਮਾ, ਮਲੇਰੀਆ, ਦੰਦਾਂ ਤੇ ਮਸੂੜਿਆਂ ਦੇ ਰੋਗਾਂ, ਖੰਘ ਅਤੇ ਉਲਟੀਆਂ-ਟੁੱਟੀਆਂ ਦੇ ਇਲਾਜ ਲਈ ਇਸ ਦੀ ਸੁੱਕੀ ਛਿੱਲ, ਪੱਤਿਆਂ ਅਤੇ ਟਹਿਣੀਆਂ ਤੋਂ ਦਵਾਈਆਂ ਬਣਾਉਂਦੇ ਹਨ। ਇਸ ਦੀ ਛਿੱਲ ਚਮੜਾ ਰੰਗਣ ਦੇ ਕੰਮ ਆਉਂਦੀ ਹੈ। ਇਸ ਦੀ ਲਾਖ ਤੋਂ ਬਟਨ, ਮੋਮ ਅਤੇ ਤਾਰਾਂ ਉੱਪਰ ਚੜ੍ਹਾਉਣ ਵਾਲਾ ਪਲਾਸਟਿਕ ਬਣਾਇਆ ਜਾਂਦਾ ਹੈ। ਹਿੰਦੂ ਲੋਕ ਪਿੱਪਲ ਨੂੰ 'ਬ੍ਰਹਮਾ' ਦਾ ਅਵਤਾਰ ਸਵੀਕਾਰ ਕੇ ਪੂਜਦੇ ਹਨ। ਦਿਲ ਦੀਆਂ ਗੱਲਾਂ ਸਾਂਝੀਆਂ ਕਰਨ ਲਈ ਪਿੱਪਲ ਕਰਨ ਲਈ ਪਿੱਪਲ 'ਸੱਚੇ ਮਿੱਤਰ' ਦਾ ਦਰਜਾ ਹਾਸਲ ਹੈ:

ਪਿੱਪਲ ਦਿਆ ਪੱਤਿਆ ਵੇ, ਕੇਹੀਆ ਛੋਡੀਆਂ ਲਗਰਾਂ ਵੇ ?<br>
ਢੋਲ ਪਰਦੇਸੀ ਮੇਰਾ, ਕੌਣ ਲਿਆਵੇ ਖਬਰਾਂ ਵੇ ?

ਬੋਹੜ, ਬੜ ਜਾਂ ਬਰੋਟਾ ਆਪਣੀ ਵਡੇਰੀ ਉਮਰ ਅਤੇ ਠੰਢੀ ਤੇ ਸੰਘਣੀ ਛਾਂ ਲਈ ਮਕਬੂਲ ਹੈ। ਰਿਸ਼ੀ-ਮੁਨੀ ਇਸ ਹੇਠਾਂ ਬੈਠ ਕੇ ਤਪੱਸਿਆ ਕਰਦੇ ਸਨ। ਇਸ ਦੀ ਲੱਕੜ ਬਾਲਣ ਦੇ ਕੰਮ ਆਉਂਦੀ ਹੈ ਜਦੋਂ ਕਿ ਚਿਕਿਤਸਕ ਇਸ ਦੇ ਪੱਤੇ, ਦੁੱਧ, ਛਿੱਲ ਅਤੇ ਦਾੜ੍ਹੀ ਨੂੰ ਨਕਸੀਰ, ਦਿਲ, ਦਿਮਾਗ ਤੇ ਸਿਰ ਦੀਆਂ ਬਿਮਾਰੀਆਂ ਦੂਰ ਕਰਨ ਲਈ ਦਵਾਈਆਂ ਬਣਾਉਂਦੇ ਹਨ। ਜਿਵੇਂ ਇਕ ਇਸਤਰੀ ਨੂੰ ਸਹੁਰਿਆਂ ਨਾਲੋਂ ਆਪਣੇ ਪੇਕਿਆਂ 'ਤੇ ਵਧੇਰੇ ਮਾਣ ਹੁੰਦਾ ਹੈ, ਉਸੇ ਤਰ੍ਹਾਂ ਲੋਕ ਮਨ ਵਲੋਂ ਬਰੋਟੇ ਨਾਲੋਂ ਜ਼ਿਆਦਾ ਪਿੱਪਲ ਨੂੰ ਮਾਨਤਾ ਦਿੱਤੀ ਗਈ ਹੈ। ਨਵ ਵਿਆਹੁਤਾ ਨੂੰ ਆਪਣੇ ਕੇਸ ਸੁਕਾਉਣ ਲਈ ਬਰੋਟੇ ਦੀ ਛਾਂ ਚੰਗੀ ਨਹੀਂ ਲਗਦੀ:

ਘੁੰਮ ਘੁੰਮ ਬਰੋਟਿਆ ਵੇ, ਤੇਰੀ ਛਾਵੇਂ ਮੈਂ ਖੜ੍ਹੀ।<br>
ਖੜ੍ਹੀ ਖੜ੍ਹੀ ਮੈਂ ਸੁਕਾਵਾਂ ਕਾਲੇ ਕਾਲੇ ਕੇਸ।<br>
ਹਵਾ ਨਹੀਂ ਲਗਦੀ, ਕੇਸ ਨਹੀਂ ਸੁੱਕਦੇ<br>
ਹੁਣ ਚੇਤੇ ਆਂਵਦਾ, ਵੇ ਬਾਬਲ ਤੇਰਾ ਦੇਸ।

ਜਿਹੜੀਆਂ ਔਰਤਾਂ ਮਾਹੀ ਦੀ ਸੰਗਤ ਦਾ ਆਨੰਦ ਮਾਣਦੀਆਂ ਹਨ, ਉਹ ਖੁਸ਼ੀ-ਖੁਸ਼ੀ ਬੋਹੜ ਦੇ ਰੁੱਖ 'ਤੇ ਪੀਂਘਾਂ ਝੂਟਦੀਆਂ ਹਨ ਪਰੰਤੂ ਵਿਯੋਗੀ ਅਵਸਥਾ ਵਿਚੋਂ ਗੁਜ਼ਰ ਰਹੀਆਂ ਮੁਟਿਆਰਾਂ, ਆਪਣੀਆਂ ਸਹੇਲੀਆਂ ਨੂੰ ਪੀਂਘਾਂ ਝੂਟਦੀਆਂ ਵੇਖ ਕੇ ਹਉਕੇ ਲੈਂਦੀਆਂ ਹਨ।

'ਕਿੱਕਰ', 'ਭਾਰਤੀ' ਤੇ 'ਪਹਾੜੀ' ਦੋ ਕਿਸਮ ਦੀ ਹੁੰਦੀ ਹੈ। ਸਾਧਾਰਨ ਲੋਕਾਂ ਦਾ ਕਿੱਕਰ ਨਾਲ ਬੜਾ ਵਾਹ-ਵਾਸਤਾ ਰਿਹਾ ਹੈ। ਇਹਦੀ ਲੱਕੜ ਕਈ ਕੰਮ ਆਉਂਦੀ ਹੈ। ਇਸ ਦੀ ਗਵਾਹੀ ਪੰਜਾਬੀ ਲੋਕ ਗੀਤ ਵੀ ਭਰਦੇ ਹਨ:

ਛੇਤੀ ਛੇਤੀ ਵਧ ਕਿੱਕਰੇ<br>
ਅਸੀਂ ਸੱਸ ਦਾ ਸੰਦੂਕ ਬਣਾਉਣਾ।

ਕਿੱਕਰ ਦੀ ਛਿੱਲ ਕੱਪੜਾ ਤੇ ਚਮੜਾ-ਰੰਗਾਈ ਲਈ ਵਰਤੀ ਜਾਂਦੀ ਹੈ। ਸੱਕ, ਫੁੱਲ ਅਤੇ ਤੁੱਕਿਆਂ ਤੋਂ ਦੇਸੀ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ। ਗਲਾ ਖਰਾਬ ਹੋਣ 'ਤੇ ਇਸ ਦੇ ਸੱਕ ਨੂੰ ਪਾਣੀ ਵਿਚ ਭਿਉਂ ਕੇ ਗਰਾਰੇ ਕੀਤੇ ਜਾਂਦੇ ਹਨ। ਕਿੱਕਰ ਦੇ ਫੁੱਲਾਂ ਦੀ ਗੁਲਕੰਦ ਫੋੜੇ-ਫਿੰਸੀਆਂ ਦੂਰ ਕਰਨ ਲਈ ਉਪਯੋਗੀ ਮੰਨੀ ਜਾਂਦੀ ਹੈ ਅਤੇ ਖ਼ੂਨ ਤੇ ਪੇਟ ਵੀ ਸਾਫ ਕਰਦੀ ਹੈ। ਇਸਦੇ ਫੁੱਲ ਲਕੋਰੀਆ ਬੀਮਾਰੀਆਂ ਦੇ ਇਲਾਜ ਲਈ ਲਾਭਕਾਰੀ ਹਨ। ਤੁੱਕੇ ਪਾਚਨ ਸ਼ਕਤੀ ਤੇ ਦਿਲ ਨੂੰ ਤੰਦਰੁਸਤ ਰੱਖਦੇ ਹਨ। ਇਸਦੀ ਦਾਤਣ ਵਰਤਮਾਨ ਦੌਰ ਵਿਚ ਵੀ ਸ੍ਰੇਸ਼ਟ ਮੰਨੀ ਜਾਂਦੀ ਹੈ ਜੋ ਦੰਦ ਵੀ ਸਾਫ ਕਰਦੀ ਹੈ ਤੇ ਮਸੂੜਿਆਂ ਨੂੰ ਬੀਮਾਰੀਆਂ ਤੋਂ ਵੀ ਬਚਾਉਂਦੀ ਹੈ:

ਦੰਦਾਂ ਨੂੰ ਚਮਕਾਵੇ ਦਾਤਣ ਕਿੱਕਰ ਦੀ।

ਉੱਚੀ ਲੰਮੀ ਤੇ ਛਾਂਦਾਰ 'ਟਾਹਲੀ' ਦੀ ਲੱਕੜ ਕਿੱਕਰ ਨਾਲੋਂ ਹੌਲੀ ਹੁੰਦੀ ਹੈ। ਇਸ ਲਈ ਪੰਜਾਬਣ ਆਪਣੇ ਮਾਹੀ ਨੂੰ ਟਾਹਲੀ ਦਾ ਚਰਖਾ ਬਣਵਾ ਕੇ ਦੇਣ ਦੀ ਮੰਗ ਕਰਦੀ ਰਹੀ ਹੈ:

ਚਰਖਾ ਮੇਰਾ ਕਿੱਕਰ ਦਾ,<br>
ਤੂੰ ਟਾਹਲੀ ਦਾ ਬਣਵਾ ਦੇ।<br>
ਏਸ ਚਰਖੇ ਦਾ ਹਿੱਲੇ ਮਝੇਰੂ,<br>
ਮਾਲ੍ਹਾਂ ਬਹੁਤੀਆਂ ਖਾਵੇ।<br>
ਮੇਰੇ ਨਾਲ ਦੀਆਂ ਕੱਤ ਕੇ ਸੌਂ ਗਈਆਂ,<br>
ਮੈਥੋਂ ਕੱਤਿਆ ਨਾ ਜਾਵੇ।<br>
ਚਰਖਾ ਬੂ ਚੰਦਰਾ,<br>
ਸਾਡੀ ਅੱਲੜਾਂ ਦੀ ਨੀਂਦ ਗੁਆਵੇ।

ਚਰਖੇ ਤੋਂ ਬਿਨਾਂ ਟਾਹਲੀ ਦਾ ਸੰਦੂਕ, ਪਲੰਘ, ਹਲ, ਪੰਜਾਲੀ, ਗੱਡਾ ਅਤੇ ਹੋਰ ਸਮਾਨ ਵੀ ਬਣਦਾ ਹੈ। ਟਾਹਲੀ ਦੇ ਪੱਤੇ ਕੁਝ ਕੁਸੈਲੇ ਹੁੰਦੇ ਹਨ ਪਰ ਇਨ੍ਹਾਂ ਨੂੰ ਗਰਮ ਕਰਕੇ, ਮਿੱਠੇ ਤੇਲ ਵਿਚ ਭਿਉਂ ਕੇ ਬੰਨ੍ਹਣ ਨਾਲ ਛਿੱਲੀ ਚਮੜੀ ਨੂੰ ਰਾਹਤ ਮਿਲਦੀ ਹੈ ਤੇ ਆਰਾਮ ਆ ਜਾਂਦਾ ਹੈ। ਚਰਮ-ਰੋਗਾਂ ਨੂੰ ਠੀਕ ਕਰਨ ਲਈ ਇਸ ਦੀਆਂ ਜੜ੍ਹਾਂ ਵੀ ਵਰਤੀਆਂ ਜਾਂਦੀਆਂ ਹਨ। ਇਸ ਦੇ ਬੀਜ ਫੋੜਿਆਂ ਅਤੇ ਬਵਾਸੀਰ ਦੇ ਇਲਾਜ ਲਈ ਵਰਤੇ ਜਾਂਦੇ ਹਨ। ਇਸ ਦੀਆਂ ਫਲੀਆਂ ਕੱਪੜਾ ਰੰਗਣ ਦੇ ਕੰਮ ਆਉਂਦੀਆਂ ਹਨ।

'ਬੇਰੀ' ਮਨੁੱਖ ਲਈ ਬੜੀ ਉਪਯੋਗੀ ਹੁੰਦੀ ਹੈ। ਪੇਂਡੂ ਫਲ ਦੇ ਰੂਪ ਵਿਚ ਬੇਰ ਕੁਦਰਤੀ ਨਿਆਮਤ ਹਨ। ਪੰਜਾਬੀਆਂ ਨੂੰ ਪਿਉਂਦੀ ਬੇਰਾਂ ਦਾ ਸੁਆਦ ਤਾਂ ਮਾਖਿਉਂ ਵਰਗਾ ਲਗਦਾ ਹੈ। ਇਸ ਦੀ ਲੱਕੜ ਵੀ ਚੰਗੀ ਮੰਨੀ ਜਾਂਦੀ ਹੈ। ਇਸ ਦੀ ਜੜ੍ਹ ਠੰਢੀ ਹੁੰਦੀ ਹੈ ਜੋ ਸਰੀਰ ਦੀ ਗਰਮੀ ਦੂਰ ਕਰਦੀ ਹੈ ਤੇ ਸਿਰ ਦਰਦ ਵੀ। ਬੇਰੀ ਦੇ ਪੱਤੇ ਸਿਰ ਧੋਣ ਤੇ ਕੇਸ ਲੰਮੇ ਕਰਨ ਲਈ ਵਰਤੇ ਜਾਂਦੇ ਹਨ। ਇਸ ਦੀ ਛਿੱਲ ਦਾ ਰਸ ਜ਼ਖਮਾਂ ਨੂੰ ਠੀਕ ਕਰਦਾ ਹੈ। ਪੰਜਾਬੀ ਲੋਕ ਗੀਤਾਂ ਵਿਚ ਬੇਰੀਆਂ 'ਤੇ ਪਿਆ ਬੂਰ ਵਿਯੋਗਣ ਨੂੰ ਲਾਮ 'ਤੇ ਗਏ ਮਾਹੀ ਦੀ ਯਾਦ ਦਿਵਾ ਦਿੰਦਾ ਹੈ।

ਅਜੇ ਆਇਆ ਨਾ ਢੋਲ ਸਿਪਾਹੀ<br>
ਬੇਰੀਆਂ ਨੂੰ ਬੂਰ ਪੈ ਗਿਆ।

ਜਦੋਂ ਬੇਰੀਆਂ 'ਤੇ ਬੇਰ ਲੱਗ ਜਾਂਦੇ ਹਨ ਤਾਂ ਮੁਟਿਆਰਾਂ ਖੁਸ਼ ਹੋ ਕੇ ਆਪਣੇ ਭਾਵਾਂ ਦਾ ਇਜ਼ਹਾਰ ਕਰਦੀਆਂ ਹਨ:

'ਤੈਨੂੰ ਮਿਲਣਾ ਖੇਤ ਵਿਚ ਆ ਕੇ,<br>
ਵੇ ਬੇਰਾਂ ਵਾਲੀ ਰੁੱਤ ਆ ਗਈ।'

'ਤੂਤ' ਦਾ ਜਦੋਂ ਗੀਤਾਂ ਵਿਚ ਜ਼ਿਕਰ ਆਉਂਦਾ ਹੈ ਤਾਂ ਕਲਪਨਾ ਵਿਚ ਹੀ ਪੰਜਾਬੀ ਉਸ ਦੀ ਸੰਘਣੀ ਤੇ ਠੰਢੀ ਛਾਂ ਮਹਿਸੂਸ ਕਰਨ ਲਗਦੇ ਹਨ। ਪੰਜਾਬੀ ਆਪਣੇ ਖੇਤ ਦੀ ਸ਼ਾਨ ਵਧਾਉਣ ਲਈ ਉਸ ਵਿਚ ਮਾਣ ਨਾਲ ਤੂਤ ਲਾਉਂਦੇ ਹਨ। ਜਦੋਂ ਮਿੱਠੇ-ਮਿੱਠੇ ਤੂਤ ਲੱਗ ਜਾਂਦੇ ਹਨ ਤਾਂ ਲੋਕੀਂ ਇਨ੍ਹਾਂ ਨੂੰ ਖੂਬ ਸ਼ੌਂਕ ਨਾਲ ਖਾਂਦੇ ਹਨ। ਤੂਤ ਦੀਆਂ ਛੋਟੀਆਂ ਟਾਹਣੀਆਂ ਦਾਤਣ ਦੇ ਤੌਰ 'ਤੇ ਅਤੇ ਵੱਡੀਆਂ ਛਟੀਆਂ ਦੇ ਟੋਕਰੇ ਬਣਾਏ ਜਾਂਦੇ ਹਨ ਜੋ ਪਿੰਡਾਂ ਦੇ ਘਰਾਂ ਵਿਚ ਆਮ ਨਜ਼ਰ ਆ ਜਾਂਦੇ ਹਨ। ਇਸ ਦੀ ਲੱਕੜ ਚੀੜ੍ਹੀ ਅਤੇ ਸਖਤ ਹੁੰਦੀ ਹੈ। ਇਨ੍ਹਾਂ ਸਤਰਾਂ ਦੀ ਲੇਖਿਕਾ ਦੀ ਸੱਸ-ਮਾਂ ਸ੍ਰੀਮਤੀ ਸੁਰਜੀਤ ਕੌਰ ਅਨੁਸਾਰ ਚੀਣਾ-ਝੂਲਾ ਇਸੇ ਤੋਂ ਬਣਦਾ ਸੀ। ਕ੍ਰਿਕਟ ਦੇ ਬੱਲੇ, ਹਾਕੀ ਦੀਆਂ ਸਟਿੱਕਾਂ ਅਤੇ ਬੈਡਮਿੰਟਨ ਦੇ ਰੈਕਿਟ ਇਸ ਤੋਂ ਤਿਆਰ ਹੁੰਦੇ ਹਨ। ਬੱਚੇ ਤੂਤ ਦੀਆਂ ਛਟੀਆਂ ਦੇ ਕਮਾਨ ਬਣਾ ਕੇ ਕਾਨਿਆਂ ਦੀਆਂ ਤੀਲਾਂ ਦੇ ਤੀਰ ਚਲਾਉਂਦੇ ਹਨ। ਵਿਆਹ ਤੋਂ ਅਗਲੇ ਦਿਨ 'ਛਟੀਆਂ ਦੀ ਰਸਮ' ਦੌਰਾਨ ਤੂਤ ਦੀਆਂ ਛਟੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਤੂਤ ਦੀ ਛਟੀ ਨੂੰ ਪੰਜਾਬੀ ਸਭਿਆਚਾਰ ਵਿਚ ਇਕ ਖੂਬਸੂਰਤ, ਲੰਮ-ਸਲੰਮੀ ਤੇ ਦ੍ਰਿੜ੍ਹ ਇਰਾਦੇ ਵਾਲੀ ਮੁਟਿਆਰ ਨਾਲ ਤੁਲਨਾਇਆ ਗਿਆ ਹੈ:

ਮੁੰਡਾ ਰੋਹੀ ਦੀ ਕਿੱਕਰ ਦਾ ਜਾਤੂ<br>
ਵਿਆਹ ਕੇ ਲੈ ਗਿਆ ਤੂਤ ਦੀ ਛਟੀ।

ਪੰਜਾਬੀਆਂ ਲਈ 'ਅੰਬ' ਫਲਾਂ ਦਾ ਬਾਦਸ਼ਾਹ ਹੈ। ਬੱਚੇ, ਜਵਾਨ, ਬੁੱਢੇਰੱਲ ਕੀ, ਲਗਭਗ ਹਰ ਵਿਅਕਤੀ ਦੀ ਇਹ ਪਸੰਦ ਬਣਦੇ ਹਨ। ਕਲਮੀ, ਚੌਸਾ, ਸੁਰਖਾ, ਰਸਪਰੀ, ਮਾਲਦਾ, ਬਦਾਮੀ, ਸਫੈਦਾ, ਤੋਤਾ, ਦੁਸਹਿਰੀ, ਲੰਗੜਾ, ਚੂਪਾ ਜਾਂ ਗਧਾ ਕੋਈ ਵੀ ਅੰਬ ਹੋਵੇ ਸਭ ਦਾ ਵੱਖੋ-ਵੱਖਰਾ ਸੁਆਦ ਹੈ। ਗਰਮੀਆਂ ਵਿਚ ਅੰਬ ਚੂਪਣ ਦਾ ਮਜ਼ਾ ਹੀ ਵੱਖਰਾ ਹੁੰਦਾ ਹੈ। ਅੰਬਾਂ ਵਿਚ ਵਿਟਾਮਿਨ 'ਏ' ਅਤੇ 'ਸੀ' ਕਾਫੀ ਮਾਤਰਾ ਵਿਚ ਹੁੰਦਾ ਹੈ। ਅੰਬੀਆਂ ਦੀ ਚਟਣੀ, ਅਚਾਰ, ਜੈਮ, ਮੁਰੱਬਾ ਅਤੇ ਆਮਪੰਨਾ ਸੁਆਦੀ ਹੋਣ ਦੇ ਨਾਲ-ਨਾਲ ਸਰੀਰ ਲਈ ਲੋੜੀਂਦੇ ਪੌਸ਼ਟਿਕ ਤੱਤ ਵੀ ਦਿੰਦੇ ਹਨ। ਅੰਬ ਪਾਪੜ, ਸਕਵੈਸ਼, ਮੈਂਗੋ ਫਰੂਟੀ ਅਤੇ ਮੈਂਗੋ ਸ਼ੇਕ ਵੀ ਬਹੁਤਿਆਂ ਨੂੰ ਚੰਗੇ ਲੱਗਦੇ ਹਨ। ਜਦੋਂ ਅੰਬਾਂ ਦੇ ਰੁੱਖਾਂ ਨੂੰ ਬੂਰ ਪੈਂਦਾ ਹੈ ਤੇ ਕੋਇਲ ਮਿੱਠੇ-ਮਿੱਠੇ ਗੀਤ ਗਾਉਂਦੀ ਹੈ ਤਾਂ ਜ਼ਿਹਨ ਵਿਚੋਂ ਉਠਦੀਆਂ ਪਿਆਰ ਤਰੰਗਾਂ ਕਰਕੇ ਵਿਛੋੜੇ ਦੀ ਮਾਰ ਝੱਲ ਰਹੀਆਂ ਮੁਟਿਆਰਾਂ ਆਪਣੇ ਜਜ਼ਬੇ ਇਉਂ ਅਭਿਵਿਅਕਤ ਕਰਦੀਆਂ ਹਨ:

ਬੋਲੀ ਅੰਬ ਤੇ ਜਾਂ ਕੋਇਲ ਮੇਰੇ ਹਾਣੀਆਂ,<br>
ਵੇ ਤੱਤੜੀ ਨੂੰ ਯਾਦ ਆ ਗਿਆ।

ਜਿਵੇਂ ਕਿ ਇਸ ਆਲੇਖ ਦੇ ਆਰੰਭ ਵਿਚ ਹੀ ਮਨੁੱਖੀ ਹੋਂਦ ਲਈ ਖਤਰਾ ਬਣ ਰਹੀ ਰੁੱਖਾਂ ਦੀ ਅੰਨ੍ਹੇਵਾਹ ਕਟਾਈ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ, ਉਸ ਦੀ ਲੋਅ ਵਿਚ ਮਨੁੱਖ ਨੂੰ ਵਾਤਾਵਰਨ ਪ੍ਰਤੀ ਚੇਤੰਨ ਹੋਣ ਦੀ ਬਹੁਤ ਜ਼ਰੂਰਤ ਹੈ। 'ਖੰਡ ਬਾਝ ਦੁਧ ਮਿੱਠਾ ਨਾ ਹੁੰਦਾ, ਬਿਰਖਾਂ ਬਾਝ ਨਾ ਛਾਵਾਂ'। ਸੋ ਰੁੱਖਾਂ ਦੀ ਬਹੁ-ਪੱਖੀ ਅਹਿਮੀਅਤ ਸਵੀਕਾਰ ਕਰਦਿਆਂ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਮਨੁੱਖ ਦੀ ਹੋਂਦ ਤੇ ਸੁੱਖਾਂ ਲਈ ਰੁੱਖ ਜ਼ਰੂਰੀ ਹਨ। ਸੋ ਰੁੱਖ ਲਾਉਣੇ ਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨਾ ਸਾਡਾ ਸਾਰਿਆਂ ਦਾ ਕਰਤੱਵ ਹੈ। ਇਹ ਪਰਉਪਕਾਰ ਵਾਲਾ ਕੰਮ ਹੈ। ਵੱਧ ਤੋਂ ਵੱਧ ਰੁੱਖ ਲਗਾਉਣਾ ਕੇਵਲ ਮਾਨਵ ਵਾਸਤੇ ਹੀ ਕਲਿਆਣਕਾਰੀ ਨਹੀਂ ਸਗੋਂ ਪ੍ਰਕਿਰਤੀ ਦਾ ਸੰਤੁਲਨ ਬਰਕਰਾਰ ਰੱਖਣ ਲਈ ਵੀ ਜ਼ਰੂਰੀ ਹੈ।

**ਡਾ. ਰਾਜਵੰਤ ਪੰਜਾਬੀ,**<br>
**ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ,**<br>
**ਪਟਿਆਲਾ** (ਮੋ. 8567886223)



# ਰਸੋਈ (ਘਰੇਲੂ) ਬਗੀਚੀ ਦੀ ਦੇਖਭਾਲ ਸਮੇਂ ਨਾ ਕਰੋ ਇਹ ਆਮ ਗਲਤੀਆਂ

### ਬੂਟਿਆਂ ਨੂੰ ਰੋਜ਼ ਪਾਣੀ ਦੇਣਾ

ਕੁਝ ਲੋਕ ਬਰਸਾਤ ਦੇ ਮੌਸਮ ਵਿੱਚ ਵੀ ਹਰ ਦਿਨ ਲਗਾਤਾਰ ਆਪਣੇ ਬੂਟਿਆਂ ਨੂੰ ਪਾਣੀ ਦਿੰਦੇ ਹਨ। ਇਹ ਇੱਕ ਵੱਡੀ ਅਤੇ ਆਮ ਗਲਤੀ ਹੈ, ਕਿਉਂਕਿ ਇਨ੍ਹੀਂ ਦਿਨੀਂ ਮਿੱਟੀ ਲਗਾਤਾਰ ਗਿੱਲੀ ਰਹਿੰਦੀ ਹੈ, ਜਿਸ ਕਾਰਨ ਉਸ ਵਿੱਚ ਪਹਿਲਾਂ ਤੋਂ ਹੀ ਆਕਸੀਜਨ ਦੀ ਕਮੀ ਹੁੰਦੀ ਹੈ। ਅਜਿਹੇ ਵਿੱਚ ਜੇਕਰ ਤੁਸੀਂ ਬਿਨਾਂ ਕੁਝ ਸੋਚੇ-ਸਮਝੇ ਇਸ ਮੌਸਮ ਸ਼ਵੱਚ ਵੀ ਬੂਟਿਆਂ ਨੂੰ ਪਾਣੀ ਨਾਲ ਭਰਦੇ ਰਹੋਗੇ ਤਾਂ ਉਨ੍ਹਾਂ ਦੀਆਂ ਜੜ੍ਹਾਂ ਸੜ ਜਾਣਗੀਆਂ ਅਤੇ ਬੂਟਿਆਂ ਦੀਆਂ ਪੱਤੀਆਂ ਪੀਲੀਆਂ ਪੈ ਜਾਣਗੀਆਂ ਅਤੇ ਅਖੀਰ ਉਹ ਮਰ ਜਾਣਗੀਆਂ। ਇਸ ਲਈ ਜੁਲਾਈ ਦੇ ਮਹੀਨੇ ਵਿੱਚ ਬੂਟਿਆਂ ਨੂੰ ਪਾਣੀ ਉਦੋਂ ਦਿਓ, ਜਦੋਂ ਉਸ ਬੂਟੇ ਦੀ ਸਤ੍ਹਾ 'ਤੇ ਆਪਣੀ ਉਂਗਲੀ ਖੋਭ ਕੇ ਦੇਖੋ, ਜੇਕਰ ਸਤ੍ਹਾ ਸਖਤ ਹੋਵੇ, ਉਸ ਵਿੱਚ ਨਮੀ ਨਾ ਹੋਵੇ, ਉਦੋਂ ਪਾਣੀ ਦਿਓ, ਨਹੀਂ ਤਾਂ ਪਾਣੀ ਦੀ ਜ਼ਰੂਰਤ ਨਹੀਂ ਹੁੰਦੀ।

### ਗਮਲੇ ਵਿੱਚ ਰੱਖੋ ਪਾਣੀ ਨਿਕਾਸੀ ਦਾ ਧਿਆਨ

ਚੰਗਾ ਬੂਟਾ ਸਿਰਫ ਚੰਗੀ ਮਿੱਟੀ ਨਾਲ ਹੀ ਨਹੀਂ ਵਧਦਾ, ਉਦੋਂ ਉਹ ਸਹੀ ਢੰਗ ਨਾਲ ਵਿਕਾਸ ਕਰਦਾ ਹੈ, ਜਦੋਂ ਉਸ ਨੂੰ ਸਹੀ ਢੰਗ ਨਾਲ ਡ੍ਰੇਨੇਜ ਵਿਵਸਥਾ ਵੀ ਮਿਲਦੀ ਹੈ। ਭਾਵ ਇਹ ਕਿ ਗਮਲੇ ਦੇ ਹੇਠਾਂ ਪਾਣੀ ਨਿਕਲਣ ਦਾ ਰਸਤਾ ਕਦੀ ਬੰਦ ਨਹੀਂ ਕਰਨਾ ਚਾਹੀਦਾ, ਨਹੀਂ ਤਾਂ ਬਰਸਾਤ ਦੇ ਮਹੀਨਿਆਂ ਵਿੱਚ ਗਮਲਿਆਂ ਵਿੱਚ ਪਾਣੀ ਜਮ੍ਹਾ ਹੋ ਜਾਵੇਗਾ ਅਤੇ ਇਹ ਜਮ੍ਹਾਂ ਪਾਣੀ ਬੂਟਿਆਂ ਦੀਆਂ ਜੜ੍ਹਾਂ ਨੂੰ ਸਾੜ ਦਿੰਦਾ ਹੈ। ਇਸ ਲਈ ਗਮਲੇ ਦੇ ਹੇਠਾਂ ਸੁਰਾਖ ਕਰਕੇ ਰੱਖੋ। ਇਸ ਲਈ ਉਸ ਦੀ ਸਭ ਤੋਂ ਹੇਠਲੀ ਤਲੇ 'ਤੇ ਇੱਟ-ਪੱਥਰ ਦੇ ਟੁਕੜੇ ਜਾਂ ਛੋਟੇ ਕੰਕਰੀਟ ਪਾ ਦਿਓ, ਜਿਸ ਨਾਲ ਲਗਾਤਾਰ ਪਾਣੀ ਦਾ ਨਿਕਾਸ ਬਣਿਆ ਰਹੇ।

### ਖਾਦ ਦੇਣ ਵਿੱਚ ਜਲਦੀ ਨਾ ਕਰੋ

ਕਈ ਲੋਕਾਂ ਨੂੰ ਲੱਗਦਾ ਹੈ ਕਿ ਜ਼ਿਆਦਾ ਖਾਦ ਦਾ ਮਤਲਬ ਬੂਟਿਆਂ ਦਾ ਜ਼ਿਆਦਾ ਵਿਕਾਸ, ਜ਼ਿਆਦਾ ਉਤਪਾਦਨ, ਜਦ ਕਿ ਇਹ ਸਹੀ ਨਹੀਂ ਹੈ। ਹਕੀਕਤ ਤਾਂ ਇਹ ਹੈ ਕਿ ਮੌਨਸੂਨ ਵਿੱਚ ਜੈਵਿਕ ਖਾਦ ਹੌਲੀ-ਹੌਲੀ ਘੁਲਦੀ ਰਹਿੰਦੀ ਹੈ। ਜ਼ਿਆਦਾ ਮਾਤਰਾ ਵਿੱਚ ਖਾਦ ਪਾਉਣ ਨਾਲ ਵੀ ਬੂਟਿਆਂ ਦੀਆਂ ਜੜ੍ਹਾਂ ਮੁਰਝਾ ਜਾਂਦੀਆਂ ਹਨ ਅਤੇ ਉਨ੍ਹਾਂ ਵਿੱਚ ਉੱਲੀ ਵੀ ਤੇਜ਼ੀ ਨਾਲ ਫੈਲਦੀ ਹੈ। ਇਸ ਲਈ ਹਰ 20-25 ਦਿਨਾਂ ਬਾਅਦ ਹੀ ਸੀਮਤ ਮਾਤਰਾ ਵਿੱਚ ਆਪਣੇ ਬੂਟੇ ਨੂੰ ਕੰਪੋਸਟ ਦੀ ਖਾਦ ਪਾਓ। ਧਿਆਨ ਰੱਖੋ ਜੁਲਾਈ ਦੇ ਮਹੀਨੇ ਵਿੱਚ ਬੂਟਿਆਂ ਲਈ ਧੁੱਪ ਵੀ ਬਹੁਤ ਜ਼ਰੂਰੀ ਹੁੰਦੀ ਹੈ ਅਤੇ ਇਹ ਬੂਟੇ ਦੀ ਵੱਖ-ਵੱਖ ਮਾਤਰਾ ਵਿੱਚ ਜ਼ਰੂਰਤ ਹੁੰਦੀ ਹੈ। ਜਿਵੇਂ ਟਮਾਟਰ, ਭਿੰਡੀ, ਮਿਰਚ ਆਦਿ ਨੂੰ ਜ਼ਿਆਦਾ ਧੁੱਪ ਚਾਹੀਦੀ ਹੈ, ਜਦੋਂਕਿ ਧਨੀਆ, ਪਾਲਕ ਅਤੇ ਪੁਦੀਨੇ ਵਰਗੇ ਨੂੰ ਘੱਟ ਧੁੱਪ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਜੇਕਰ ਸਭ ਬੂਟਿਆਂ ਨੂੰ ਇੱਕੋ ਹੀ ਥਾਂ ਰੱਖ ਦਿੱਤਾ ਜਾਵੇ, ਤਾਂ ਕੁਝ ਬੂਟੇ ਝੁਲਸ ਸਕਦੇ ਹਨ ਅਤੇ ਕੁਝ ਹੀ ਬਿਹਤਰ ਵਿਕਾਸ ਕਰਨਗੇ।

### ਬੀਜ ਬਹੁਤ ਡੂੰਘੇ ਨਾ ਬੀਜੋ

ਕੁਝ ਲੋਕ ਬੀਜਾਂ ਨੂੰ ਸੁਰੱਖਿਅਤ ਰੱਖਣ ਲਈ ਉਨ੍ਹਾਂ ਨੂੰ ਕਾਫ਼ੀ ਡੂੰਘਾ ਬੀਜ ਦਿੰਦੇ ਹਨ। ਇਸ ਤਰ੍ਹਾਂ ਕਈ ਵਾਰ ਬੀਜ ਨੂੰ ਬਾਹਰ ਨਿਕਲਣ ਵਿੱਚ ਮੁਸ਼ਕਿਲ ਹੁੰਦੀ ਹੈ ਅਤੇ ਉਸ ਦਾ ਸਹਿਜ ਵਿਕਾਸ ਨਹੀਂ ਹੋ ਪਾਉਂਦਾ। ਇਸ ਲਈ ਜਦੋਂ ਵੀ ਕੋਈ ਬੂਟਾ ਉਗਾਉਣਾ ਚਾਹੋ ਤਾਂ ਬੀਜ ਮਿੱਟੀ ਵਿੱਚ ਬਹੁਤ ਹੇਠਾਂ ਨਾ ਦਬਾਓ। ਧਨੀਆ, ਮੇਥੀ, ਪਾਲਕ ਅਤੇ ਸਲਾਦ ਵਰਗੀਆਂ ਫ਼ਸਲਾਂ ਦੇ ਬੀਜ ਨੂੰ ਤਾਂ ਇੱਕ ਤਰ੍ਹਾਂ ਨਾਲ ਜ਼ਮੀਨ ਦੇ ਉੱਪਰ ਹੀ ਪਾ ਕੇ ਰੱਖਣਾ ਚਾਹੀਦਾ ਹੈ, ਬਸ ਉੱਪਰ ਤੋਂ ਇਨ੍ਹਾਂ ਬੀਜਾਂ ਨੂੰ ਹਲਕੇ ਮਿੱਟੀ ਨਾਲ ਢੱਕ ਦੇਣਾ ਚਾਹੀਦਾ ਹੈ ਅਤੇ ਹਾਂ, ਇਹ ਗਲਤੀ ਵੀ ਨਾ ਕਰੋ ਕਿ ਆਪਣੇ ਗਲੇ ਜਾਂ ਜ਼ਮੀਨ ਵਿੱਚ ਬਣਾਈ ਗਈ ਰਸੋਈ ਬਗੀਚੀ ਵਿੱਚ ਵਾਰ-ਵਾਰ ਇੱਕ ਹੀ ਚੀਜ਼ ਬੀਜੋ। ਇਸ ਨਾਲ ਨਾ ਸਿਰਫ ਮਿੱਟੀ ਦਾ ਉਪਜਾਊਪਣ ਘੱਟ ਜਾਂਦਾ ਹੈ, ਸਗੋਂ ਰੋਗਾਂ ਦਾ ਖਤਰਾ ਵੱਧ ਜਾਂਦਾ ਹੈ। ਇਸ ਲਈ ਜੁਲਾਈ ਦੇ ਮਹੀਨੇ ਵਿੱਚ ਅਕਸਰ ਹੋ ਜਾਣ ਵਾਲੀਆਂ ਇਨ੍ਹਾਂ ਗਲਤੀਆਂ ਤੋਂ ਬਚੋ।

- ਅਨੁ ਆਰ.

**ਜੁਲਾਈ ਤੋਂ ਸਤੰਬਰ ਤੱਕ ਦਾ ਸਮਾਂ ਸਦਾਬਹਾਰ ਫਲਦਾਰ ਬੂਟਿਆਂ ਦੀ ਬਿਜਾਈ ਲਈ ਢੁਕਵਾਂ ਮੰਨਿਆ ਜਾਂਦਾ ਹੈ।**

# ਫਲਦਾਰ ਬਾਗਾਂ ਦੀ ਬਰਸਾਤੀ ਮੌਸਮ ਵਿੱਚ ਕਿਵੇਂ ਕੀਤੀ ਜਾਵੇ ਸੰਭਾਲ

> "ਬਰਸਾਤ ਦਾ ਮੌਸਮ ਫਲਦਾਰ ਬੂਟਿਆਂ ਲਈ ਜਿੱਥੇ ਲਾਹੇਵੰਦ ਹੁੰਦਾ ਹੈ, ਉੱਥੇ ਲਗਾਤਾਰ ਜਾਂ ਭਾਰੀ ਮੀਂਹ ਕਾਰਨ ਬਾਗਾਂ ਵਿੱਚ ਪਾਣੀ ਖੜ੍ਹਾ ਹੋਣ, ਜੜ੍ਹਾਂ ਨੂੰ ਨੁਕਸਾਨ ਪਹੁੰਚਣ, ਬੀਮਾਰੀਆਂ ਦੇ ਫੈਲਣ ਅਤੇ ਫਲਾਂ 'ਤੇ ਕੀੜਿਆਂ ਦੇ ਹਮਲੇ ਵਰਗੀਆਂ ਸਮੱਸਿਆਵਾਂ ਵੀ ਪੈਦਾ ਹੋ ਸਕਦੀਆਂ ਹਨ। ਪੰਜਾਬ ਵਿੱਚ ਜੁਲਾਈ ਤੋਂ ਸਤੰਬਰ ਤੱਕ ਦਾ ਸਮਾਂ ਸਦਾਬਹਾਰ ਫਲਦਾਰ ਬੂਟਿਆਂ ਦੀ ਬਿਜਾਈ ਲਈ ਢੁੱਕਵਾਂ ਮੰਨਿਆ ਜਾਂਦਾ ਹੈ। ਇਸ ਮੌਸਮ ਦੌਰਾਨ ਨਵੇਂ ਬਾਗਾਂ ਦੀ ਸਥਾਪਨਾ ਦੇ ਨਾਲ-ਨਾਲ ਪੁਰਾਣੇ ਬਾਗਾਂ ਵਿੱਚ ਪਾਣੀ ਦੀ ਨਿਕਾਸੀ, ਬੀਮਾਰੀਆਂ ਅਤੇ ਕੀੜਿਆਂ ਦੀ ਰੋਕਥਾਮ ਵੱਲ ਵਿਸ਼ੇਸ਼ ਧਿਆਨ ਦੇਣਾ ਜ਼ਰੂਰੀ ਹੈ"

ਹਰਮਨਪ੍ਰੀਤ ਸਿੰਘ
ਮੋ. 98152-25555

### ਪਾਣੀ ਖੜ੍ਹਾ ਹੋਣ ਤੋਂ ਬਚਾਉਣਾ ਸਭ ਤੋਂ ਜ਼ਰੂਰੀ

ਬਰਸਾਤ ਦੇ ਮੌਸਮ ਵਿੱਚ ਬਾਗਾਂ ਵਿੱਚ ਲੰਬੇ ਸਮੇਂ ਤੱਕ ਪਾਣੀ ਖੜ੍ਹਾ ਰਹਿਣਾ ਬੂਟਿਆਂ ਲਈ ਨੁਕਸਾਨਦਾਇਕ ਹੋ ਸਕਦਾ ਹੈ। ਖਾਸ ਕਰਕੇ ਨਿੰਬੂ ਅਤੇ ਹੋਰ ਨਿੰਬੂ ਜਾਤੀ ਦੇ ਬੂਟਿਆਂ ਵਿੱਚ ਜੜ੍ਹਾਂ ਅਤੇ ਤਣੇ ਨਾਲ ਸੰਬੰਧਿਤ ਬੀਮਾਰੀਆਂ ਦਾ ਖਤਰਾ ਵੱਧ ਜਾਂਦਾ ਹੈ। ਇਸ ਲਈ ਭਾਰੀ ਮੀਂਹ ਤੋਂ ਬਾਅਦ ਬਾਗ ਵਿੱਚੋਂ ਵਾਧੂ ਪਾਣੀ ਦੀ ਨਿਕਾਸੀ ਦਾ ਢੁੱਕਵਾਂ ਪ੍ਰਬੰਧ ਕਰਨਾ ਚਾਹੀਦਾ ਹੈ।

### ਨਵੇਂ ਬੂਟੇ ਲਗਾਉਂਦੇ ਸਮੇਂ ਸਹੀ ਉਚਾਈ

ਬਰਸਾਤ ਦਾ ਮੌਸਮ ਕਿੰਨੂ, ਹੋਰ ਨਿੰਬੂ ਜਾਤੀ ਦੇ ਫਲਾਂ, ਅੰਬ, ਅਮਰੂਦ, ਲੀਚੀ, ਲੁਕਾਟ ਅਤੇ ਸਪੋਟਾ ਆਦਿ ਸਦਾਬਹਾਰ ਫਲਦਾਰ ਬੂਟਿਆਂ ਦੀ ਬਿਜਾਈ ਲਈ ਢੁੱਕਵਾਂ ਸਮਾਂ ਹੈ। ਬੂਟੇ ਸਿਹਤਮੰਦ ਅਤੇ ਭਰੋਸੇਯੋਗ ਨਰਸਰੀ ਤੋਂ ਹੀ ਖਰੀਦਣੇ ਚਾਹੀਦੇ ਹਨ।

### ਬਰਸਾਤ ਵਿੱਚ ਹਲਕੀ ਕਾਂਟ-ਛਾਂਟ

ਬਰਸਾਤ ਦੇ ਮੌਸਮ ਵਿੱਚ ਬੇਲੋੜੀ ਜਾਂ ਭਾਰੀ ਕਾਂਟ-ਛਾਂਟ ਕਰਨ ਤੋਂ ਬਚਣਾ ਚਾਹੀਦਾ ਹੈ। ਸਿਰਫ ਸੁੱਕੀਆਂ, ਮਰੀਆਂ ਜਾਂ ਰੋਗੀ ਟਾਹਣੀਆਂ ਅਤੇ ਹਿੱਸਿਆਂ ਨੂੰ ਹਟਾਉਣਾ ਸਹੀ ਹੈ, ਤਾਂ ਜੋ ਬੀਮਾਰੀ ਵਾਲੇ ਹਿੱਸਿਆਂ ਤੋਂ ਰੋਗ ਦੇ ਹੋਰ ਫੈਲਣ ਦੀ ਸੰਭਾਵਨਾ ਘਟਾਈ ਜਾ ਸਕੇ।

### ਨਦੀਨਾਂ ਦੀ ਰੋਕਥਾਮ

ਬਰਸਾਤ ਦੇ ਮੌਸਮ ਵਿੱਚ ਨਦੀਨਾਂ ਦਾ ਵਾਧਾ ਤੇਜ਼ ਹੋ ਜਾਂਦਾ ਹੈ। ਇਨ੍ਹਾਂ ਦੀ ਰੋਕਥਾਮ ਲਈ ਲੋੜ ਅਨੁਸਾਰ ਗੋਡੀ, ਕਟਾਈ ਅਤੇ ਮਲਚਿੰਗ ਵਰਗੇ ਤਰੀਕੇ ਅਪਣਾਏ ਜਾ ਸਕਦੇ ਹਨ। ਬਰਸਾਤ ਦੌਰਾਨ ਖਾਸ ਕਰਕੇ ਜਦੋਂ ਮਿੱਟੀ ਬਹੁਤ ਜ਼ਿਆਦਾ ਗਿੱਲੀ ਹੋਵੇ, ਬਾਗਾਂ ਦੀ ਵਹਾਈ ਕਰਨ ਤੋਂ ਬਚਣਾ ਚਾਹੀਦਾ ਹੈ।

ਮਲਚਿੰਗ ਮਿੱਟੀ ਦੀ ਨਮੀ ਨੂੰ ਸੰਭਾਲਣ ਅਤੇ ਨਦੀਨਾਂ ਦੇ ਵਾਧੇ ਨੂੰ ਘਟਾਉਣ ਵਿੱਚ ਸਹਾਇਕ ਹੋ ਸਕਦੀ ਹੈ। ਪਰ ਮਲਚ ਨੂੰ ਬੂਟੇ ਦੇ ਤਣੇ ਨਾਲ ਸਿੱਧਾ ਲਗਾ ਕੇ ਨਹੀਂ ਰੱਖਣਾ ਚਾਹੀਦਾ, ਕਿਉਂਕਿ ਤਣੇ ਦੇ ਆਲੇ-ਦੁਆਲੇ ਲਗਾਤਾਰ ਨਮੀ ਰਹਿਣ ਨਾਲ ਰੋਗਾਂ ਦਾ ਖਤਰਾ ਵੱਧ ਸਕਦਾ ਹੈ।

### ਫਲਾਂ ਦੇ ਫਟਣ ਦੀ ਸਮੱਸਿਆ ਤੋਂ ਬਚਾਅ

ਬਰਸਾਤ ਦੇ ਮੌਸਮ ਵਿੱਚ ਮਿੱਟੀ ਅਤੇ ਵਾਤਾਵਰਣ ਦੀ ਨਮੀ ਵਿੱਚ ਅਚਾਨਕ ਤਬਦੀਲੀ ਕਾਰਨ ਅਨਾਰ, ਨਿੰਬੂ ਜਾਤੀ ਅਤੇ ਲੀਚੀ ਲੀਚੀ ਆਦਿ ਫਲਾਂ ਵਿੱਚ ਫਟਣ ਦੀ ਸਮੱਸਿਆ ਦੇਖਣ ਨੂੰ ਮਿਲ ਸਕਦੀ ਹੈ।

ਬਾਗ ਵਿੱਚ ਮਿੱਟੀ ਦੀ ਨਮੀ ਨੂੰ ਸੰਤੁਲਿਤ ਰੱਖਣਾ ਅਤੇ ਲੋੜ ਅਨੁਸਾਰ ਮਲਚਿੰਗ ਕਰਨਾ ਇਸ ਸਮੱਸਿਆ ਨੂੰ ਘਟਾਉਣ ਵਿੱਚ ਸਹਾਇਕ ਹੋ ਸਕਦਾ ਹੈ। ਲੀਚੀ ਅਤੇ ਅਮਰੂਦ ਦੇ ਫਲਾਂ ਨੂੰ ਨਾਨ-ਵੂਵਨ ਲਿਫਾਫਿਆਂ ਨਾਲ ਥੈਲਾਬੰਦੀ



ਕਰਨ ਨਾਲ ਵੀ ਫਲਾਂ ਨੂੰ ਕੁਝ ਨੁਕਸਾਨਾਂ ਤੋਂ ਬਚਾਉਣ ਵਿੱਚ ਮਦਦ ਮਿਲਦੀ ਹੈ।

### ਜ਼ਿਆਦਾ ਪਾਣੀ ਕਾਰਨ ਹੋਣ ਵਾਲੀਆਂ ਬਿਮਾਰੀਆਂ

ਨਿੰਬੂ ਜਾਤੀ ਦੇ ਬੂਟਿਆਂ ਵਿੱਚ ਜ਼ਿਆਦਾ ਪਾਣੀ ਖੜ੍ਹਾ ਰਹਿਣ ਕਾਰਨ ਜੜ੍ਹਾਂ ਅਤੇ ਤਣੇ ਨਾਲ ਸਬੰਧਤ ਬਿਮਾਰੀਆਂ ਦਾ ਖਤਰਾ ਵੱਧ ਸਕਦਾ ਹੈ। ਬੂਟਿਆਂ ਵਿੱਚ ਪੈਰੋਂ ਗਲਣਾ, ਗੂੰਦ ਨਿਕਲਣਾ, ਛਿਲਕੇ ਦਾ ਗਲਣਾ, ਪੱਤਿਆਂ ਦਾ ਹਲਕਾ ਪੀਲਾ ਪੈਣਾ ਅਤੇ ਟਾਹਣੀਆਂ ਦਾ ਸੁੱਕਣਾ ਵਰਗੇ ਲੱਛਣ ਦਿਖਾਈ ਦੇ ਸਕਦੇ ਹਨ।

### ਫਲਾਂ ਦੀਆਂ ਮੱਖੀਆਂ ਤੋਂ ਬਚਾਅ

ਬਰਸਾਤ ਦੇ ਮੌਸਮ ਵਿੱਚ ਅਮਰੂਦ ਅਤੇ ਨਿੰਬੂ ਜਾਤੀ ਦੇ ਫਲਾਂ ਵਿੱਚ ਫਲਾਂ ਦੀ ਮੱਖੀ ਦਾ ਹਮਲਾ ਵੱਧ ਸਕਦਾ ਹੈ। ਇਸ ਦੀ ਰੋਕਥਾਮ ਲਈ ਫਲਾਂ ਦੀ ਮੱਖੀ ਦੇ ਟਰੈਪ ਇੱਕ ਪ੍ਰਭਾਵਸ਼ਾਲੀ ਪ੍ਰਬੰਧਕੀ ਉਪਾਅ ਹਨ।

ਫਲਾਂ ਦੀ ਮੱਖੀ ਨਾਲ ਪ੍ਰਭਾਵਿਤ ਜਾਂ ਡਿੱਗੇ ਹੋਏ ਫਲਾਂ ਨੂੰ ਬਾਗ ਵਿੱਚ ਪਿਆ ਨਹੀਂ ਰਹਿਣ ਦੇਣਾ ਚਾਹੀਦਾ। ਇਨ੍ਹਾਂ ਨੂੰ ਇਕੱਠਾ ਕਰਕੇ ਢੁੱਕਵੇਂ ਢੰਗ ਨਾਲ ਨਸ਼ਟ ਕਰਨਾ ਵੀ ਕੀੜੇ ਦੀ ਅਗਲੀ ਪੀੜ੍ਹੀ ਦੇ ਫੈਲਾਅ ਨੂੰ ਘਟਾਉਣ ਵਿੱਚ ਮੱਦਦ ਕਰਦਾ ਹੈ।

### ਅਮਰੂਦ ਦੀ ਥੈਲਾਬੰਦੀ ਨਾਲ ਫਲਾਂ ਦੀ ਸੁਰੱਖਿਆ

ਬਰਸਾਤੀ ਫ਼ਸਲ ਵਾਲੇ ਅਮਰੂਦ ਵਿੱਚ ਫਲਾਂ ਦੀ ਮੱਖੀ ਤੋਂ ਬਚਾਅ ਲਈ ਚਿੱਟੇ ਰੰਗ ਦੇ ਨਾਨ-ਵੂਵਨ ਲਿਫਾਫਿਆਂ ਨਾਲ ਫਲਾਂ ਦੀ ਥੈਲਾਬੰਦੀ ਕੀਤੀ ਜਾ ਸਕਦੀ ਹੈ। ਫਲਾਂ ਦੇ ਸਹੀ ਵਿਕਾਸ ਪੜਾਅ 'ਤੇ ਥੈਲਾਬੰਦੀ ਕਰਨ ਨਾਲ ਕੀੜਿਆਂ ਦੇ ਹਮਲੇ ਤੋਂ ਬਚਾਅ ਵਿੱਚ ਮਦਦ ਮਿਲ ਸਕਦੀ ਹੈ ਅਤੇ ਫਲ ਦੀ ਗੁਣਵੱਤਾ ਵੀ ਬਿਹਤਰ ਰਹਿ ਸਕਦੀ ਹੈ।

# ਜਲ ਭੰਡਾਰ ਮੱਛੀ ਪਾਲਣ ਵਿੱਚ ਸਟਾਕ ਵਾਧਾ

ਸੁਪ੍ਰੀਤ ਕੌਰ, ਪੀ. ਐਚ. ਡੀ. (Fisheries Resource Management)
ਦਿਲਪ੍ਰੀਤ ਕੌਰ, M.F.Sc. Aquaculture, ਮੱਛੀ ਪਾਲਣ ਅਫਸਰ, ਫਤਹਿਗੜ੍ਹ ਸਾਹਿਬ

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।

**ਮੱਛੀ ਬੀਜ ਦੀ ਗੁਣਵੱਤਾ ਅਤੇ ਆਕਾਰ**

ਸਟਾਕ ਵਾਧੇ ਦੀ ਸਫ਼ਲਤਾ ਕਾਫ਼ੀ ਹੱਦ ਤੱਕ ਛੱਡੇ ਜਾਣ ਵਾਲੇ ਮੱਛੀ ਬੀਜ ਦੀ ਗੁਣਵੱਤਾ ਅਤੇ ਆਕਾਰ 'ਤੇ ਨਿਰਭਰ ਕਰਦੀ ਹੈ । ਉੱਚ ਗੁਣਵੱਤਾ ਵਾਲਾ ਮੱਛੀ ਬੀਜ ਜਲਾਸ਼ੇ ਵਿੱਚ ਛੱਡਣ ਤੋਂ ਬਾਅਦ ਵਧੀਆ ਜੀਵਿਤ ਰਹਿਣ, ਤੇਜ਼ ਵਿਕਾਸ ਕਰਨ ਅਤੇ ਮੱਛੀ ਉਤਪਾਦਨ ਵਿੱਚ ਵਾਧਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ।

ਚੰਗੇ ਮੱਛੀ ਬੀਜ ਵਿੱਚ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹੋਣੀਆਂ ਚਾਹੀਦੀਆਂ ਹਨ-

★ ਰੋਗ-ਮੁਕਤ ਹੋਵੇ

★ ਜੈਨੇਟਿਕ ਤੌਰ 'ਤੇ ਸਿਹਤਮੰਦ ਹੋਵੇ

★ ਸਰਗਰਮ ਅਤੇ ਤੰਦਰੁਸਤ ਹੋਵੇ




★ ਆਕਾਰ ਵਿੱਚ ਇਕਸਾਰ ਹੋਵੇ

★ ਕਿਸੇ ਵੀ ਸਰੀਰਕ ਵਿਗਾੜ ਤੋਂ ਮੁਕਤ ਹੋਵੇ

ਆਮ ਤੌਰ 'ਤੇ ਵੱਡੇ ਫਿੰਗਰਲਿੰਗ, ਛੋਟੇ ਫਰਾਈ ਨਾਲੋਂ ਜ਼ਿਆਦਾ ਜੀਵਿਤ ਰਹਿੰਦੇ ਹਨ, ਕਿਉਂਕਿ ਉਹ ਸ਼ਿਕਾਰੀ ਮੱਛੀਆਂ (Predators) ਅਤੇ ਵਾਤਾਵਰਨਕ ਤਣਾਅ ਦਾ ਬਿਹਤਰ ਢੰਗ ਨਾਲ ਮੁਕਾਬਲਾ ਕਰ ਸਕਦੇ ਹਨ । ਇਸ ਲਈ ਜਲਾਸ਼ਿਆਂ ਵਿੱਚ ਸਟਾਕ ਵਾਧੇ ਲਈ ਪ੍ਰਮਾਣਿਤ ਹੈਚਰੀਆਂ ਤੋਂ ਪ੍ਰਾਪਤ ਉੱਚ ਗੁਣਵੱਤਾ ਵਾਲੇ ਅਤੇ ਸਹੀ ਆਕਾਰ ਦੇ ਫਿੰਗਰਲਿੰਗਾਂ ਦੀ ਵਰਤੋਂ ਕਰਨੀ ਚਾਹੀਦੀ ਹੈ । ਇਸ ਨਾਲ ਸਟਾਕ ਵਾਧੇ ਦੀ ਸਫ਼ਲਤਾ, ਮੱਛੀਆਂ ਦੀ ਬਚਣ ਦੀ ਦਰ ਅਤੇ ਲੰਬੇ ਸਮੇਂ ਦੀ ਮੱਛੀ ਉਤਪਾਦਕਤਾ ਵਿੱਚ ਮਹੱਤਵਪੂਰਨ ਸੁਧਾਰ ਹੁੰਦਾ ਹੈ ।

**ਸਟਾਕਿੰਗ ਘਣਤਾ**

ਜਲਾਸ਼ਿਆਂ ਵਿੱਚ ਸਟਾਕ ਵਾਧੇ ਦੀ ਸਫ਼ਲਤਾ ਲਈ ਉਚਿਤ ਸਟਾਕਿੰਗ ਘਣਤਾ ਦਾ ਨਿਰਧਾਰਨ ਬਹੁਤ ਮਹੱਤਵਪੂਰਨ ਹੈ । ਜੇਕਰ ਮੱਛੀ ਬੀਜ ਨੂੰ ਵਿਗਿਆਨਕ ਢੰਗ ਨਾਲ ਸਹੀ ਮਾਤਰਾ ਵਿੱਚ ਛੱਡਿਆ ਜਾਵੇ, ਤਾਂ ਜਲਾਸ਼ੇ ਦੀ ਕੁਦਰਤੀ ਉਤਪਾਦਕਤਾ ਦਾ ਵੱਧ ਤੋਂ ਵੱਧ ਲਾਭ ਲਿਆ ਜਾ ਸਕਦਾ ਹੈ ਅਤੇ ਮੱਛੀ ਉਤਪਾਦਨ ਵਿੱਚ ਮਹੱਤਵਪੂਰਨ ਵਾਧਾ ਕੀਤਾ ਜਾ ਸਕਦਾ ਹੈ । ਸਟਾਕਿੰਗ ਘਣਤਾ ਦਾ ਨਿਰਧਾਰਨ ਜਲਾਸ਼ੇ ਦੀਆਂ ਭੌਤਿਕ, ਰਸਾਇਣਕ ਅਤੇ ਜੈਵਿਕ ਸਥਿਤੀਆਂ ਦੇ ਆਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ ।

ਸਟਾਕਿੰਗ ਘਣਤਾ ਹੇਠ ਲਿਖੇ ਕਾਰਕਾਂ 'ਤੇ ਨਿਰਭਰ ਕਰਦੀ ਹੈ-

★ ਜਲਾਸ਼ੇ ਦਾ ਖੇਤਰਫਲ

★ ਪਾਣੀ ਦੀ ਗੁਣਵੱਤਾ

★ ਪੋਸ਼ਕ ਤੱਤਾਂ ਦੀ ਉਪਲਬਧਤਾ

★ ਮੌਜੂਦਾ ਮੱਛੀ ਆਬਾਦੀ

★ ਜਲਾਸ਼ੇ ਦੀ ਵਹਿਣ ਸਮਰੱਥਾ ਜਾਂ ਵਹਨ ਸਮਰੱਥਾ

★ ਮੱਛੀ ਪਾਲਣ ਪ੍ਰਬੰਧਨ ਦੇ ਉਦੇਸ਼

ਜੇਕਰ ਜਲਾਸ਼ੇ ਵਿੱਚ ਲੋੜ ਤੋਂ ਵੱਧ ਮੱਛੀ ਬੀਜ ਛੱਡਿਆ ਜਾਂਦਾ ਹੈ, ਤਾਂ ਮੱਛੀਆਂ ਵਿੱਚ ਭੋਜਨ ਲਈ ਮੁਕਾਬਲਾ ਵਧ ਜਾਂਦਾ ਹੈ, ਵਿਕਾਸ ਦਰ ਘੱਟ ਹੋ ਜਾਂਦੀ ਹੈ, ਰੋਗਾਂ ਦੇ ਫੈਲਣ ਦੀ ਸੰਭਾਵਨਾ ਵਧਦੀ ਹੈ ਅਤੇ ਜੀਵਿਤ ਰਹਿਣ ਦੀ ਦਰ ਘੱਟ ਹੋ ਸਕਦੀ ਹੈ । ਦੂਜੇ ਪਾਸੇ, ਜੇ ਮੱਛੀ ਬੀਜ ਬਹੁਤ ਘੱਟ ਮਾਤਰਾ ਵਿੱਚ ਛੱਡਿਆ ਜਾਂਦਾ ਹੈ, ਤਾਂ ਜਲਾਸ਼ੇ ਦੀ ਕੁਦਰਤੀ ਉਤਪਾਦਕ ਸਮਰੱਥਾ ਦਾ ਪੂਰਾ ਲਾਭ ਨਹੀਂ ਲਿਆ ਜਾ ਸਕਦਾ । ਇਸ ਲਈ ਜਲਾਸ਼ੇ ਦੀ ਵਹਨ ਸਮਰੱਥਾ ਦਾ ਵਿਗਿਆਨਕ ਮੁਲਾਂਕਣ ਕਰਕੇ ਹੀ ਸਟਾਕਿੰਗ ਘਣਤਾ ਨਿਰਧਾਰਤ ਕਰਨੀ ਚਾਹੀਦੀ ਹੈ ।

**ਆਵਾਸ ਪ੍ਰਬੰਧਨ**

ਕੇਵਲ ਮੱਛੀ ਬੀਜ ਛੱਡਣ ਨਾਲ ਹੀ ਜਲਾਸ਼ਿਆਂ ਵਿੱਚ ਉੱਚ ਮੱਛੀ ਉਤਪਾਦਨ ਯਕੀਨੀ ਨਹੀਂ ਬਣਾਇਆ ਜਾ ਸਕਦਾ । ਇਸ ਲਈ ਜਲਾਸ਼ੇ ਵਿੱਚ ਅਨੁਕੂਲ ਆਵਾਸ ਦੀ ਉਪਲਬਧਤਾ ਅਤੇ ਸੰਭਾਲ ਵੀ ਬਹੁਤ ਜ਼ਰੂਰੀ ਹੈ । ਸਿਹਤਮੰਦ ਆਵਾਸ ਮੱਛੀਆਂ ਦੀ ਜੀਵਿਤ ਰਹਿਣ ਦੀ ਦਰ, ਵਿਕਾਸ ਅਤੇ ਕੁਦਰਤੀ ਪ੍ਰਜਨਨ ਨੂੰ ਉਤਸ਼ਾਹਿਤ ਕਰਦਾ ਹੈ, ਜਿਸ ਨਾਲ ਸਟਾਕ ਵਾਧੇ ਦੇ ਲੰਬੇ ਸਮੇਂ ਦੇ ਨਤੀਜੇ ਹੋਰ ਪ੍ਰਭਾਵਸ਼ਾਲੀ ਬਣਦੇ ਹਨ ।

ਆਵਾਸ ਸੁਧਾਰ ਲਈ ਹੇਠ ਲਿਖੇ ਉਪਾਅ ਅਪਣਾਏ ਜਾ ਸਕਦੇ ਹਨ-

★ ਪ੍ਰਜਨਨ ਅਤੇ ਬੱਚਿਆਂ ਦੇ ਵਿਕਾਸ ਵਾਲੇ ਖੇਤਰਾਂ ਦੀ ਸੰਭਾਲ ਕਰਨਾ

★ ਪਾਣੀ ਦੀ ਉਚਿਤ ਗੁਣਵੱਤਾ ਨੂੰ ਬਣਾਈ ਰੱਖਣਾ

★ ਉਦਯੋਗਿਕ ਅਤੇ ਖੇਤੀਬਾੜੀ ਤੋਂ ਹੋਣ ਵਾਲੇ ਜਲ ਪ੍ਰਦੂਸ਼ਣ ਨੂੰ ਰੋਕਣਾ

★ ਜਲ ਪੌਦਿਆਂ ਦੀ ਸੰਭਾਲ ਕਰਨਾ

★ ਨਕਲੀ ਮੱਛੀ ਆਸਰੇ ਅਤੇ ਰੀਫ਼ ਦੀ ਸਥਾਪਨਾ ਕਰਨਾ

★ ਮਿੱਟੀ ਦੇ ਕਟਾਅ ਅਤੇ ਗਾਰ ਜਮ੍ਹਾਂ ਹੋਣ ਨੂੰ ਕੰਟਰੋਲ ਕਰਨਾ

★ ਵਾਤਾਵਰਨਕ ਪਾਣੀ ਦੇ ਪ੍ਰਵਾਹ ਨੂੰ ਕਾਇਮ ਰੱਖਣਾ

ਇਹ ਸਾਰੇ ਉਪਾਅ ਮੱਛੀਆਂ ਲਈ ਸੁਰੱਖਿਅਤ ਅਤੇ ਅਨੁਕੂਲ ਵਾਤਾਵਰਣ ਤਿਆਰ ਕਰਦੇ ਹਨ, ਜਿਸ ਨਾਲ ਉਨ੍ਹਾਂ ਦੀ ਬਚਣ ਦੀ ਸਮਰੱਥਾ, ਵਿਕਾਸ ਦਰ ਅਤੇ ਕੁਦਰਤੀ ਪ੍ਰਜਨਨ ਵਿੱਚ ਵਾਧਾ ਹੁੰਦਾ ਹੈ ।

**ਵਿਗਿਆਨਕ ਨਿਗਰਾਨੀ**

ਸਟਾਕ ਵਾਧੇ ਦੀ ਸਫ਼ਲਤਾ ਦਾ ਮੁਲਾਂਕਣ ਕਰਨ ਲਈ ਨਿਰੰਤਰ ਅਤੇ ਵਿਗਿਆਨਕ ਨਿਗਰਾਨੀ ਬਹੁਤ ਜ਼ਰੂਰੀ ਹੈ । ਨਿਯਮਿਤ ਨਿਗਰਾਨੀ ਰਾਹੀਂ ਇਹ ਪਤਾ ਲਗਾਇਆ ਜਾ ਸਕਦਾ ਹੈ ਕਿ ਛੱਡੇ ਗਏ ਮੱਛੀ ਬੀਜ ਦੀ ਜੀਵਿਤ ਰਹਿਣ ਦੀ ਦਰ, ਵਿਕਾਸ ਅਤੇ ਉਤਪਾਦਨ ਉਮੀਦਾਂ ਅਨੁਸਾਰ ਹੈ ਜਾਂ ਨਹੀਂ । ਇਸ ਨਾਲ ਭਵਿੱਖ ਵਿੱਚ ਸਟਾਕਿੰਗ ਯੋਜਨਾਵਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਵਿੱਚ ਮਦਦ ਮਿਲਦੀ ਹੈ ।

ਨਿਗਰਾਨੀ ਦੌਰਾਨ ਹੇਠ ਲਿਖੇ ਮੁੱਖ ਮਾਪਦੰਡਾਂ ਦਾ ਅਧਿਐਨ ਕੀਤਾ ਜਾਂਦਾ ਹੈ-

★ ਮੱਛੀਆਂ ਦੀ ਜੀਵਿਤ ਰਹਿਣ ਦੀ ਦਰ

★ ਵਿਕਾਸ ਦਰ ਅਤੇ ਵਾਧੇ ਦੀ ਕਾਰਗੁਜ਼ਾਰੀ

★ ਪ੍ਰਤੀ ਯਤਨ ਮੱਛੀ ਫੜਨ ਦੀ ਦਰ

★ ਮੱਛੀ ਪ੍ਰਜਾਤੀਆਂ ਦੀ ਬਣਤਰ

★ ਪਾਣੀ ਦੀ ਗੁਣਵੱਤਾ

★ ਮੱਛੀਆਂ ਦੀ ਸਿਹਤ

★ ਕੁਦਰਤੀ ਭਰਤੀ ਦੀ ਸਫ਼ਲਤਾ

ਅੱਜ ਦੇ ਸਮੇਂ ਵਿੱਚ ਆਧੁਨਿਕ ਤਕਨਾਲੋਜੀਆਂ ਨੇ ਜਲਾਸ਼ਯ ਮੱਛੀ ਪਾਲਣ ਪ੍ਰਬੰਧਨ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਵਿਗਿਆਨਕ ਬਣਾ ਦਿੱਤਾ ਹੈ । ਸਟਾਕ ਵਾਧੇ ਦੀ ਨਿਗਰਾਨੀ ਅਤੇ ਮੁਲਾਂਕਣ ਲਈ ਹੇਠ ਲਿਖੀਆਂ ਤਕਨੀਕਾਂ ਦੀ ਵਰਤੋਂ ਕੀਤੀ ਜਾ ਰਹੀ ਹੈ-

★ ਵਾਤਾਵਰਣੀ ਡੀਐਨਏ

★ ਧੁਨੀ-ਆਧਾਰਿਤ ਮੱਛੀ ਸਰਵੇਖਣ

★ ਭੂਗੋਲਿਕ ਜਾਣਕਾਰੀ ਪ੍ਰਣਾਲੀ

★ ਰਿਮੋਟ ਸੈਂਸਿੰਗ

★ ਡਰੋਨ-ਆਧਾਰਿਤ ਨਿਗਰਾਨੀ

★ ਆਰਟੀਫ਼ਿਸ਼ਲ ਇੰਟੈਲੀਜੈਂਸ

★ ਸਟਾਕ ਮੁਲਾਂਕਣ ਲਈ ਮਸ਼ੀਨ ਲਰਨਿੰਗ ਮਾਡਲ

ਇਹ ਆਧੁਨਿਕ ਤਕਨਾਲੋਜੀਆਂ ਮੱਛੀ ਪਾਲਣ ਪ੍ਰਬੰਧਕਾਂ ਨੂੰ ਸਟਾਕਿੰਗ ਦਾ ਸਹੀ ਸਮਾਂ, ਉਚਿਤ ਸਟਾਕਿੰਗ ਘਣਤਾ, ਮੱਛੀ ਭੰਡਾਰ ਦੀ ਸਥਿਤੀ ਅਤੇ ਮੱਛੀ ਫੜਨ ਦੇ ਨਿਯਮਾਂ ਬਾਰੇ ਵਿਗਿਆਨਕ ਅਤੇ ਸਹੀ ਫ਼ੈਸਲੇ ਲੈਣ ਵਿੱਚ ਮਦਦ ਕਰਦੀਆਂ ਹਨ । ਨਤੀਜੇ ਵਜੋਂ ਜਲਾਸ਼ਿਆਂ ਵਿੱਚ ਮੱਛੀ ਉਤਪਾਦਨ ਵਧਦਾ ਹੈ ਅਤੇ ਮੱਛੀ ਸਰੋਤਾਂ ਦੀ ਟਿਕਾਊ ਸੰਭਾਲ ਨੂੰ ਵੀ ਯਕੀਨੀ ਬਣਾਇਆ ਜਾ ਸਕਦਾ ਹੈ ।

**ਭਾਈਚਾਰੇ ਦੀ ਭਾਗੀਦਾਰੀ**

ਜਲਾਸ਼ਯ ਮੱਛੀ ਪਾਲਣ ਇੱਕ ਸਾਂਝਾ ਕੁਦਰਤੀ ਸਰੋਤ ਹੈ, ਜਿਸ ਦਾ ਟਿਕਾਊ ਪ੍ਰਬੰਧਨ ਕੇਵਲ ਸਰਕਾਰੀ ਏਜੰਸੀਆਂ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਥਾਨਕ ਭਾਈਚਾਰਿਆਂ ਦੀ ਸਰਗਰਮ ਭਾਗੀਦਾਰੀ ਵੀ ਬਹੁਤ ਜ਼ਰੂਰੀ ਹੈ । ਸਟਾਕ ਵਾਧੇ ਦੇ ਸਫ਼ਲ ਪ੍ਰੋਗਰਾਮਾਂ ਲਈ ਸਾਰੇ ਹਿੱਸੇਦਾਰਾਂ ਵਿਚਕਾਰ ਆਪਸੀ ਸਹਿਯੋਗ ਅਤੇ ਤਾਲਮੇਲ ਲਾਜ਼ਮੀ ਹੈ ।



ਸਟਾਕ ਵਾਧੇ ਦੇ ਸਫ਼ਲ ਪ੍ਰਬੰਧਨ ਲਈ ਹੇਠ ਲਿਖੇ ਹਿੱਸੇਦਾਰਾਂ ਦੀ ਭੂਮਿਕਾ ਮਹੱਤਵਪੂਰਨ ਹੈ-

★ ਮਛੇਰਾ ਸਹਿਕਾਰੀ ਸਭਾਵਾਂ

★ ਸਥਾਨਕ ਮਛੇਰਾ ਭਾਈਚਾਰੇ

★ ਮੱਛੀ ਪਾਲਣ ਵਿਭਾਗ

★ ਖੋਜਕਰਤਾ ਅਤੇ ਵਿਗਿਆਨੀ

★ ਹੈਚਰੀ ਪ੍ਰਬੰਧਕ

★ ਨੀਤੀ ਨਿਰਧਾਰਕ

ਭਾਈਚਾਰੇ ਦੀ ਸਰਗਰਮ ਭਾਗੀਦਾਰੀ ਨਾਲ ਹੇਠ ਲਿਖੇ ਕਾਰਜਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਸਕਦਾ ਹੈ-

★ ਪ੍ਰਜਨਨ ਸਥਾਨਾਂ ਦੀ ਸੰਭਾਲ

★ ਗੈਰ-ਕਾਨੂੰਨੀ ਮੱਛੀ ਫੜਨ ਨੂੰ ਰੋਕਣਾ

★ ਮੱਛੀ ਫੜਨ ਦੀ ਨਿਯਮਤ ਵਿਵਸਥਾ ਨੂੰ ਯਕੀਨੀ ਬਣਾਉਣਾ

★ ਮੱਛੀ ਫੜਨ ਦੇ ਅੰਕੜਿਆਂ (Catch Data) ਦਾ ਸਹੀ ਰਿਕਾਰਡ ਰੱਖਣਾ

★ ਸਟਾਕ ਕੀਤੀਆਂ ਮੱਛੀਆਂ ਦੀ ਨਿਗਰਾਨੀ ਕਰਨਾ

★ ਜਲਾਸ਼ੇ ਦੇ ਵਾਤਾਵਰਣ ਅਤੇ ਜੈਵ ਵਿਭਿੰਨਤਾ ਦੀ ਸੰਭਾਲ ਕਰਨਾ

ਭਾਗੀਦਾਰੀ ਆਧਾਰਿਤ ਮੱਛੀ ਪਾਲਣ ਪ੍ਰਬੰਧਨ ਲੋਕਾਂ ਵਿੱਚ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦਾ ਹੈ, ਨਿਯਮਾਂ ਦੀ ਪਾਲਣਾ ਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਜਲਾਸ਼ੇ ਦੇ ਸਰੋਤਾਂ ਦੀ ਟਿਕਾਊ ਵਰਤੋਂ ਨੂੰ ਉਤਸ਼ਾਹਿਤ ਕਰਦਾ ਹੈ ।

**ਸਰਕਾਰੀ ਪਹਿਲਕਦਮੀਆਂ**

ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਨੇ ਜਲਾਸ਼ਯ ਮੱਛੀ ਪਾਲਣ ਅਤੇ ਸਟਾਕ ਵਾਧੇ ਨੂੰ ਉਤਸ਼ਾਹਿਤ ਕਰਨ ਲਈ ਕਈ ਮਹੱਤਵਪੂਰਨ ਯੋਜਨਾਵਾਂ ਸ਼ੁਰੂ ਕੀਤੀਆਂ ਹਨ । ਇਨ੍ਹਾਂ ਯੋਜਨਾਵਾਂ ਦਾ ਉਦੇਸ਼ ਮੱਛੀ ਉਤਪਾਦਨ ਵਧਾਉਣਾ, ਮਛੇਰਿਆਂ ਦੀ ਆਮਦਨ ਵਿੱਚ ਵਾਧਾ ਕਰਨਾ ਅਤੇ ਮੱਛੀ ਪਾਲਣ ਨੂੰ ਇੱਕ ਟਿਕਾਊ ਅਤੇ ਲਾਭਕਾਰੀ ਖੇਤਰ ਵਜੋਂ ਵਿਕਸਿਤ ਕਰਨਾ ਹੈ ।

ਮੁੱਖ ਸਰਕਾਰੀ ਯੋਜਨਾਵਾਂ ਵਿੱਚ ਸ਼ਾਮਲ ਹਨ-

★ ਪ੍ਰਧਾਨ ਮੰਤਰੀ ਮਤਸਿਆ ਸੰਪਦਾ ਯੋਜਨਾ

★ ਬਲੂ ਰੈਵੋਲੂਸ਼ਨ ਪ੍ਰੋਗਰਾਮ

★ ਰਾਸ਼ਟਰੀ ਮੱਛੀ ਵਿਕਾਸ ਬੋਰਡ ਦੀਆਂ ਪਹਿਲਕਦਮੀਆਂ

★ ਵੱਖ-ਵੱਖ ਰਾਜਾਂ ਦੀਆਂ ਮੱਛੀ ਪਾਲਣ ਵਿਕਾਸ ਯੋਜਨਾਵਾਂ

ਇਨ੍ਹਾਂ ਯੋਜਨਾਵਾਂ ਰਾਹੀਂ ਹੇਠ ਲਿਖੀਆਂ ਗਤੀਵਿਧੀਆਂ ਨੂੰ ਸਹਾਇਤਾ ਦਿੱਤੀ ਜਾਂਦੀ ਹੈ-

★ ਉੱਚ ਗੁਣਵੱਤਾ ਵਾਲੇ ਮੱਛੀ ਬੀਜ ਦਾ ਉਤਪਾਦਨ

★ ਹੈਚਰੀਆਂ ਦਾ ਵਿਕਾਸ ਅਤੇ ਆਧੁਨਿਕੀਕਰਨ

★ ਜਲਾਸ਼ਿਆਂ ਵਿੱਚ ਵਿਗਿਆਨਕ ਸਟਾਕਿੰਗ

★ ਕੇਜ ਕਲਚਰ ਨੂੰ ਉਤਸ਼ਾਹ

★ ਮੱਛੀ ਪਾਲਣ ਬੁਨਿਆਦੀ ਢਾਂਚੇ ਦਾ ਵਿਕਾਸ

★ ਕੋਲਡ ਚੇਨ ਅਤੇ ਮੱਛੀ ਸਟੋਰੇਜ ਸਹੂਲਤਾਂ

★ ਮਛੇਰਿਆਂ ਲਈ ਸਿਖਲਾਈ ਅਤੇ ਸਮਰੱਥਾ ਵਿਕਾਸ

ਇਨ੍ਹਾਂ ਸਰਕਾਰੀ ਪਹਿਲਕਦਮੀਆਂ ਕਾਰਨ ਭਾਰਤ ਦੇ ਕਈ ਰਾਜਾਂ ਵਿੱਚ ਜਲਾਸ਼ਯ ਮੱਛੀ ਉਤਪਾਦਨ ਅਤੇ ਮਛੇਰਿਆਂ ਦੀ ਆਮਦਨ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ ।

**ਸਟਾਕ ਵਾਧੇ ਦੀਆਂ ਚੁਣੌਤੀਆਂ**

ਹਾਲਾਂਕਿ ਸਟਾਕ ਵਾਧਾ ਜਲਾਸ਼ਯ ਮੱਛੀ ਪਾਲਣ ਨੂੰ ਵਿਕਸਿਤ ਕਰਨ ਦਾ ਇੱਕ ਪ੍ਰਭਾਵਸ਼ਾਲੀ ਸਾਧਨ ਹੈ, ਪਰ ਇਸ ਦੀ ਸਫ਼ਲਤਾ ਦੇ ਰਾਹ ਵਿੱਚ ਕਈ ਚੁਣੌਤੀਆਂ ਵੀ ਮੌਜੂਦ ਹਨ ।

ਪ੍ਰਮੁੱਖ ਚੁਣੌਤੀਆਂ ਵਿੱਚ ਸ਼ਾਮਲ ਹਨ-

★ ਘੱਟ ਗੁਣਵੱਤਾ ਵਾਲੇ ਮੱਛੀ ਬੀਜ ਦੀ ਵਰਤੋਂ

★ ਵਿਗਿਆਨਕ ਸਟਾਕਿੰਗ ਯੋਜਨਾਵਾਂ ਦੀ ਘਾਟ

★ ਲੋੜ ਤੋਂ ਵੱਧ ਜਾਂ ਘੱਟ ਸਟਾਕਿੰਗ

★ ਆਵਾਸ ਸਥਾਨਾਂ ਦਾ ਨਾਸ਼

★ ਜਲ ਪ੍ਰਦੂਸ਼ਣ

★ ਗੈਰ-ਕਾਨੂੰਨੀ ਅਤੇ ਵਿਨਾਸ਼ਕਾਰੀ ਮੱਛੀ ਫੜਨ ਦੀਆਂ ਗਤੀਵਿਧੀਆਂ

★ ਵਿਦੇਸ਼ੀ ਹਮਲਾਵਰ ਮੱਛੀ ਪ੍ਰਜਾਤੀਆਂ ਦਾ ਫੈਲਾਅ

★ ਜਲਵਾਯੂ ਪਰਿਵਰਤਨ ਅਤੇ ਅਤਿਅੰਤ ਮੌਸਮੀ ਘਟਨਾਵਾਂ

★ ਨਿਗਰਾਨੀ ਅਤੇ ਮੁਲਾਂਕਣ ਦੀ ਘਾਟ

★ ਸਥਾਨਕ ਭਾਈਚਾਰਿਆਂ ਦੀ ਸੀਮਿਤ ਭਾਗੀਦਾਰੀ

ਇਨ੍ਹਾਂ ਚੁਣੌਤੀਆਂ ਦਾ ਹੱਲ ਕੇਵਲ ਵਿਗਿਆਨਕ ਖੋਜ, ਪ੍ਰਭਾਵਸ਼ਾਲੀ ਨੀਤੀਆਂ, ਆਧੁਨਿਕ ਤਕਨਾਲੋਜੀ ਅਤੇ ਸਾਰੇ ਹਿੱਸੇਦਾਰਾਂ ਦੇ ਸਹਿਯੋਗ ਨਾਲ ਹੀ ਸੰਭਵ ਹੈ ।

**ਭਵਿੱਖ ਦੀਆਂ ਸੰਭਾਵਨਾਵਾਂ**

ਭਵਿੱਖ ਵਿੱਚ ਸਟਾਕ ਵਾਧੇ ਦੇ ਪ੍ਰੋਗਰਾਮਾਂ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਟਿਕਾਊ ਬਣਾਉਣ ਲਈ ਆਧੁਨਿਕ ਵਿਗਿਆਨ ਅਤੇ ਨਵੀਆਂ ਤਕਨਾਲੋਜੀਆਂ ਨੂੰ ਵਧੇਰੇ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ ।

ਭਵਿੱਖ ਦੀਆਂ ਮੁੱਖ ਤਰਜੀਹਾਂ ਇਹ ਹੋਣੀਆਂ ਚਾਹੀਦੀਆਂ ਹਨ-

★ ਵਾਤਾਵਰਣ-ਆਧਾਰਿਤ ਮੱਛੀ ਪਾਲਣ ਪ੍ਰਬੰਧਨ

★ ਦੇਸੀ ਮੱਛੀ ਪ੍ਰਜਾਤੀਆਂ ਦੀ ਸੰਭਾਲ ਅਤੇ ਪੁਨਰਸਥਾਪਨ

★ ਹੈਚਰੀ ਬਰੂਡਸਟਾਕ ਦਾ ਜੈਨੇਟਿਕ ਪ੍ਰਬੰਧਨ

★ ਜਲਵਾਯੂ-ਅਨੁਕੂਲ ਮੱਛੀ ਪਾਲਣ ਪ੍ਰਬੰਧਨ

★ ਆਰਟੀਫ਼ਿਸ਼ਲ ਇੰਟੈਲੀਜੈਂਸ ਆਧਾਰਿਤ ਸਟਾਕ ਮੁਲਾਂਕਣ ਅਤੇ ਫ਼ੈਸਲਾ ਸਹਾਇਕ ਪ੍ਰਣਾਲੀਆਂ

★ ਵਾਤਾਵਰਣੀ ਡੀਐਨਏ ਰਾਹੀਂ ਸਟਾਕ ਕੀਤੀਆਂ ਮੱਛੀਆਂ ਦੀ ਨਿਗਰਾਨੀ

★ GIS ਅਤੇ ਰਿਮੋਟ ਸੈਂਸਿੰਗ ਰਾਹੀਂ ਜਲਾਸ਼ੇ ਦੇ ਆਵਾਸ ਦਾ ਮੁਲਾਂਕਣ

★ ਭਾਈਚਾਰਾ-ਆਧਾਰਿਤ ਸਹਿ-ਪ੍ਰਬੰਧਨ

★ ਲੰਬੇ ਸਮੇਂ ਦੀ ਵਿਗਿਆਨਕ ਨਿਗਰਾਨੀ


★ ਟਿਕਾਊ ਮੱਛੀ ਫੜਨ ਲਈ ਪ੍ਰਭਾਵਸ਼ਾਲੀ ਨਿਯਮ ਅਤੇ ਨੀਤੀਆਂ

ਰਵਾਇਤੀ ਮੱਛੀ ਪਾਲਣ ਪ੍ਰਬੰਧਨ ਨੂੰ ਆਧੁਨਿਕ ਤਕਨਾਲੋਜੀਆਂ ਨਾਲ ਜੋੜ ਕੇ ਜਲਾਸ਼ਿਆਂ ਵਿੱਚ ਮੱਛੀ ਉਤਪਾਦਨ ਅਤੇ ਜੈਵ ਵਿਭਿੰਨਤਾ ਦੀ ਸੰਭਾਲ ਦੋਵਾਂ ਨੂੰ ਹੋਰ ਮਜ਼ਬੂਤ ਬਣਾਇਆ ਜਾ ਸਕਦਾ ਹੈ ।

**ਸਿੱਟਾ**

ਸਟਾਕ ਵਾਧਾ ਜਲਾਸ਼ਯ ਮੱਛੀ ਪਾਲਣ ਨੂੰ ਵਿਕਸਤ ਕਰਨ ਅਤੇ ਟਿਕਾਊ ਮੱਛੀ ਉਤਪਾਦਨ ਨੂੰ ਯਕੀਨੀ ਬਣਾਉਣ ਲਈ ਇੱਕ ਪ੍ਰਭਾਵਸ਼ਾਲੀ ਅਤੇ ਵਿਗਿਆਨਕ ਪ੍ਰਬੰਧਕੀ ਤਕਨੀਕ ਹੈ । ਹੈਚਰੀਆਂ ਵਿੱਚ ਤਿਆਰ ਕੀਤੇ ਗਏ ਉੱਚ ਗੁਣਵੱਤਾ ਵਾਲੇ ਫਿੰਗਰਲਿੰਗਾਂ ਨੂੰ ਵਿਗਿਆਨਕ ਢੰਗ ਨਾਲ ਜਲਾਸ਼ਿਆਂ ਵਿੱਚ ਛੱਡ ਕੇ ਘਟ ਚੁੱਕੇ ਮੱਛੀ ਭੰਡਾਰਾਂ ਦੀ ਮੁੜ ਬਹਾਲੀ, ਮੱਛੀ ਉਤਪਾਦਨ ਵਿੱਚ ਵਾਧਾ, ਮਛੇਰਿਆਂ ਦੀ ਆਮਦਨ ਵਿੱਚ ਸੁਧਾਰ ਅਤੇ ਖ਼ੁਰਾਕ ਸੁਰੱਖਿਆ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ । ਹਾਲਾਂਕਿ, ਸਟਾਕ ਵਾਧੇ ਦੀ ਸਫ਼ਲਤਾ ਕੇਵਲ ਮੱਛੀ ਬੀਜ ਛੱਡਣ ਤੱਕ ਸੀਮਿਤ ਨਹੀਂ ਹੈ । ਇਸ ਲਈ ਉਚਿਤ ਮੱਛੀ ਪ੍ਰਜਾਤੀਆਂ ਦੀ ਚੋਣ, ਉੱਚ ਗੁਣਵੱਤਾ ਵਾਲਾ ਮੱਛੀ ਬੀਜ, ਸਹੀ ਸਟਾਕਿੰਗ ਘਣਤਾ, ਆਵਾਸ ਦੀ ਸੰਭਾਲ, ਨਿਰੰਤਰ ਵਿਗਿਆਨਕ ਨਿਗਰਾਨੀ ਅਤੇ ਸਥਾਨਕ ਭਾਈਚਾਰਿਆਂ ਦੀ ਸਰਗਰਮ ਭਾਗੀਦਾਰੀ ਬਹੁਤ ਜ਼ਰੂਰੀ ਹੈ ।

ਵਾਤਾਵਰਣੀ ਡੀਐਨਏ, ਆਰਟੀਫ਼ਿਸ਼ਲ ਇੰਟੈਲੀਜੈਂਸ, ਭੂਗੋਲਿਕ ਜਾਣਕਾਰੀ ਪ੍ਰਣਾਲੀ, ਰਿਮੋਟ ਸੈਂਸਿੰਗ ਅਤੇ ਧੁਨੀ-ਆਧਾਰਿਤ ਸਰਵੇਖਣ ਵਰਗੀਆਂ ਆਧੁਨਿਕ ਤਕਨਾਲੋਜੀਆਂ ਸਟਾਕ ਮੁਲਾਂਕਣ ਅਤੇ ਜਲਾਸ਼ਯ ਮੱਛੀ ਪਾਲਣ ਪ੍ਰਬੰਧਨ ਨੂੰ ਹੋਰ ਸਟੀਕ ਅਤੇ ਪ੍ਰਭਾਵਸ਼ਾਲੀ ਬਣਾ ਰਹੀਆਂ ਹਨ । ਜਦੋਂ ਇਨ੍ਹਾਂ ਤਕਨਾਲੋਜੀਆਂ ਨੂੰ ਵਾਤਾਵਰਣ-ਅਧਾਰਿਤ ਪ੍ਰਬੰਧਨ, ਪ੍ਰਭਾਵਸ਼ਾਲੀ ਸਰਕਾਰੀ ਨੀਤੀਆਂ ਅਤੇ ਸਥਾਨਕ ਭਾਈਚਾਰਿਆਂ ਦੇ ਸਹਿਯੋਗ ਨਾਲ ਜੋੜਿਆ ਜਾਂਦਾ ਹੈ, ਤਾਂ ਸਟਾਕ ਵਾਧਾ ਜਲਾਸ਼ਿਆਂ ਦੀ ਉਤਪਾਦਕਤਾ ਵਿੱਚ ਵਾਧਾ ਕਰਨ ਦੇ ਨਾਲ-ਨਾਲ ਜਲ ਜੀਵ ਵਿਭਿੰਨਤਾ ਦੀ ਸੰਭਾਲ ਵੀ ਯਕੀਨੀ ਬਣਾਉਂਦਾ ਹੈ । ਇਸ ਲਈ ਵਿਗਿਆਨ-ਅਧਾਰਿਤ, ਵਾਤਾਵਰਣ ਅਨੁਕੂਲ ਅਤੇ ਟਿਕਾਊ ਰਣਨੀਤੀਆਂ ਨੂੰ ਅਪਣਾਉਣਾ ਭਵਿੱਖ ਵਿੱਚ ਜਲਾਸ਼ਯ ਮੱਛੀ ਪਾਲਣ ਦੇ ਸਰਵਪੱਖੀ ਵਿਕਾਸ ਲਈ ਬਹੁਤ ਜ਼ਰੂਰੀ ਹੈ ।



ਭਗਵਾਨ ਦਾਸ



# ਬਾਗ ਤੇ ਬੂਟੇ ਲਾਉਣ ਦਾ ਢੁੱਕਵਾਂ ਸਮਾਂ ਅਗਸਤ-ਸਤੰਬਰ

ਬਾਗ ਬਗੀਚੇ ਤੇ ਨਵੇਂ ਬੂਟੇ ਲਗਾਉਣ ਲਈ ਇਹ ਅਗਸਤ-ਸਤੰਬਰ ਦਾ ਸਮਾਂ ਬੜਾ ਢੁੱਕਵਾਂ ਹੈ । ਇਸ ਮੌਸਮ ਵਿੱਚ ਲਾਏ ਬੂਟੇ ਵਧੀਆ ਚਲਦੇ ਹਨ । ਖੇਤੀਬਾੜੀ ਵਿੱਚ ਫ਼ਸਲੀ ਭਿੰਨਤਾ ਲਿਆਉਣ ਅਤੇ ਸਿਹਤ ਨੂੰ ਬਰਕਰਾਰ ਰੱਖਣ ਲਈ ਫ਼ਲਦਾਰ ਬੂਟਿਆਂ ਦਾ ਲਾਉਣਾ ਬਹੁਤ ਅਹਿਮੀਅਤ ਰੱਖਦਾ ਹੈ । ਇਨ੍ਹਾਂ ਦੀ ਮਹੱਤਤਾ ਔਸ਼ਧੀ ਦੇ ਰੂਪ ਵਿੱਚ ਵੀ ਮੰਨੀ ਜਾਂਦੀ ਹੈ । ਫ਼ਲਾਂ ਦੀ ਖ਼ਪਤ ਵਧਾਉਣ ਲਈ ਹਰ ਖ਼ਪਤਕਾਰ ਨੂੰ ਆਪਣੇ ਬਗੀਚੇ ਵਿੱਚ ਅਤੇ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚ ਫ਼ਲਾਂ ਦੇ ਬੂਟੇ ਇਸ ਸਮੇਂ ਲਾ ਦੇਣੇ ਚਾਹੀਦੇ ਹਨ । ਨਵੇਂ ਬਾਗਾਂ ਵਿੱਚ ਅਤੇ ਨਵੀਆਂ ਥਾਵਾਂ 'ਤੇ ਫ਼ਲਾਂ ਦੇ ਬੂਟੇ ਲਾਉਣ ਲਈ ਇਨ੍ਹਾਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਹੋਣਾ ਜ਼ਰੂਰੀ ਹੈ । ਸਾਈਕਲਾਂ ਅਤੇ ਰੇਹੜੀ ਵਾਲਿਆਂ ਤੋਂ ਖਰੀਦੇ ਬੂਟੇ ਨੁਕਸਾਨਦੇਹ ਸਾਬਤ ਹੋ ਸਕਦੇ ਹਨ, ਜਿਸ ਨਾਲ ਆਰਥਿਕ ਨੁਕਸਾਨ ਹੋ ਸਕਦਾ ਹੈ ਕਿਉਂਕਿ ਬੂਟਿਆਂ ਦੀ ਖਰੀਦ ਦਾ ਖ਼ਰਚਾ, ਢੋਆ-ਢੁਆਈ ਦਾ ਖਰਚਾ, ਲੇਬਰ ਆਦਿ 'ਤੇ ਕੀਤਾ ਖ਼ਰਚਾ ਅਤੇ ਚਾਰ-ਪੰਜ ਸਾਲ ਤੱਕ ਬਿਨਾ ਫ਼ਲ ਦੇ ਰਹਿਣਾ ਪੈ ਸਕਦਾ ਹੈ । ਬੂਟੇ ਬਾਗਬਾਨੀ ਵਿਭਾਗ, ਪੀ.ਏ.ਯੂ. ਅਤੇ ਨੈਸ਼ਨਲ ਬਾਗਬਾਨੀ ਬੋਰਡ ਦੀਆਂ ਪ੍ਰਮਾਣਿਤ ਨਰਸਰੀਆਂ ਤੋਂ ਹੀ ਖਰੀਦਣੇ ਚਾਹੀਦੇ ਹਨ ।

ਫ਼ਲਦਾਰ ਬੂਟਿਆਂ ਵਿੱਚ ਨਿੰਬੂ ਜਾਤੀ, ਅਮਰੂਦ, ਅੰਬ, ਬੇਰ, ਲੀਚੀ, ਚੀਕੂ, ਪਪੀਤਾ, ਲੁਕਾਠ, ਖਜੂਰ ਅਤੇ ਬਿੱਲ ਆਦਿ ਦੇ ਬੂਟੇ ਅਗਸਤ-ਸਤੰਬਰ ਤੱਕ ਸਫ਼ਲਤਾਪੂਰਵਕ ਲਾਏ ਜਾ ਸਕਦੇ ਹਨ । ਇਸੇ ਤਰ੍ਹਾਂ ਨਾਖ, ਆੜੂ, ਅਲੂਚਾ, ਅਨਾਰ, ਫਾਲਸਾ ਤੇ ਅੰਜੀਰ ਜਨਵਰੀ-ਫਰਵਰੀ ਮਹੀਨੇ ਵਿੱਚ ਲਾਏ ਜਾ ਸਕਦੇ ਹਨ । ਆਂਵਲਾ ਤੇ ਕੇਲਾ ਫਰਵਰੀ-ਮਾਰਚ ਤੋਂ ਇਲਾਵਾ ਅੱਜ-ਕੱਲ੍ਹ ਵੀ ਲਾਏ ਜਾ ਸਕਦੇ ਹਨ । ਬਰਸਾਤ ਰੁੱਤ ਵਿੱਚ ਲੱਗਣ ਵਾਲੇ ਸਾਰੇ ਸਦਾਬਹਾਰ ਬੂਟੇ ਨਰਸਰੀਆਂ ਤੋਂ ਲਿਆਉਣ ਸਮੇਂ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ ਤਾਂ ਕਿ ਬੂਟਿਆਂ ਦੀ ਗਾਚੀ ਨਾ ਟੁੱਟੇ । ਅਮਰੂਦ ਇਲਾਹਾਬਾਦੀ ਸਫੈਦਾ, ਪੰਜਾਬ ਸਫ਼ੈਦਾ, ਹਿਸਾਰ, ਸਫੈਦਾ, ਪੰਜਾਬ ਕਿਰਨ, ਪੰਜਾਬ ਪਿੰਕ, ਹਿਸਾਰ ਸੁਰਖ ਕਿਸਮਾਂ ਵਿੱਚੋਂ ਲਾਇਆ ਜਾਵੇ । ਅੰਬ ਪੂਸਾ ਹਾਈਬ੍ਰਿਡ ਅਮਰਪਾਲੀ, ਮਲਿਕਾ ਆਦਿ ਜਿਹੀਆਂ ਮੱਧਰੀਆਂ ਕਿਸਮਾਂ ਜਾਂ ਰਵਾਇਤੀ ਦੁਸਹਿਰੀ, ਮਲਿਕਾ, ਅਲਫੈਂਜ਼ੋ, ਲੰਗੜਾ, ਚੌਸਾ ਆਦਿ ਚੂਪਣ ਲਈ ਗੰਗੀਆਂ, ਸੰਧੂਰੀ, ਜੀਐਨ-1, ਜੀਐਨ-2, ਜੀਐਨ-3, ਜੀਐਨ-4, ਜੀਐਨ-5, ਜੀਐਨ-6 ਅਤੇ ਜੀਐਨ-17 ਕਿਸਮਾਂ ਵਿੱਚੋਂ ਲਾਏ ਜਾ ਸਕਦੇ ਹਨ । ਲੀਚੀ ਦਹਿਰਾਦੂਨ, ਕਲਕੱਤੀਆਂ ਤੇ ਸੀਡਲੈੱਸ ਲੇਟ ਅਤੇ ਆਂਵਲਾ ਐਨਏ-7, ਐਨਏ-10, ਬਲਵੰਤ, ਨੀਲਮ, ਕੰਚਨ, ਚਕੱਈਆ ਕਿਸਮਾਂ ਵਿੱਚੋਂ, ਪਪੀਤਾ ਹਨੀ ਡਿਊ, ਪੂਸਾ ਡਿਲੀਸ਼ੀਅਸ, ਪੰਜਾਬ ਸਵੀਟ ਰੈੱਡ ਲੇਡੀ-786 ਕਿਸਮਾਂ ਵਿੱਚੋਂ, ਅੰਜੀਰ ਲੋਕਲ ਅਤੇ ਬਰਾਊਨ ਟਰਕੀ ਵਿੱਚੋਂ ਆੜੂ ਸ਼ਾਨੇ ਪੰਜਾਬ, ਪ੍ਰਤਾਪ, ਫਲੋਰੋਡਾ ਪ੍ਰਿੰਸ, ਅਰਲੀ ਗ੍ਰੈਂਡ, ਪ੍ਰਭਾਵ, ਪੰਜਾਬ ਨੈਕਟਰੀਨ ਅਤੇ ਬਿੱਲ ਦੀਆਂ ਲੋਕਲ ਅਤੇ ਕਾਗਜ਼ੀ ਕਿਸਮਾਂ ਲਗਾਈਆਂ ਜਾ ਸਕਦੀਆਂ ਹਨ । ਬੇਰ ਦੀਆਂ ਉਮਰਾਨ ਅਤੇ ਸਨੌਰਾ ਨੰਬਰ 2 ਜਿਹੀਆਂ ਕਿਸਮਾਂ ਵਿੱਚੋਂ ਕੋਈ ਵੀ ਕਿਸਮ ਲਾਈ ਜਾ ਸਕਦੀ ਹੈ ।

ਘਰੇਲੂ ਬਗੀਚੀਆਂ ਵਿੱਚ ਫ਼ਲਦਾਰ ਬੂਟੇ ਲਾਉਣ ਨਾਲ ਜਿੱਥੇ ਪੌਸ਼ਟਿਕਤਾ ਪ੍ਰਾਪਤ ਹੁੰਦੀ ਹੈ, ਉੱਥੇ ਆਰਥਿਕ ਤੇ ਜਿਸਮਾਨੀ ਤੌਰ 'ਤੇ ਵਿਅਕਤੀ ਖੁਸ਼ਹਾਲ ਤੇ ਸਿਹਤਮੰਦ ਰਹਿੰਦਾ ਹੈ । ਅਮਰੂਦ ਫ਼ਲ ਖਾਣ ਨਾਲ ਕਬਜ਼ ਦੀ ਸਮੱਸਿਆ ਨਹੀਂ ਰਹਿੰਦੀ, ਇਸ ਦੇ ਖਾਣ ਨਾਲ ਵਿਟਾਮਿਨ ਸੀ ਮਿਲਦਾ ਹੈ । ਬਲੱਡ ਪ੍ਰੈਸ਼ਰ ਘੱਟ ਕਰਨ ਵਿੱਚ ਵੀ ਇਹ ਫ਼ਲ ਸਹਾਈ ਹੁੰਦਾ ਹੈ । ਇਸ ਵਿੱਚ ਫਾਇਬਰ ਬਹੁਤ ਮਾਤਰਾ ਵਿੱਚ ਹੁੰਦਾ ਹੈ । ਸ਼ੂਗਰ ਦੇ ਮਰੀਜ਼ਾਂ ਲਈ ਤਾਂ ਇਹ ਫ਼ਲ ਬਹੁਤ ਹੀ ਲਾਭਦਾਇਕ ਹੈ । ਅਮਰੂਦ ਵਿੱਚ ਕਾਪਰ ਵੀ ਕਾਫ਼ੀ ਮਾਤਰਾ ਵਿੱਚ ਹੁੰਦਾ ਹੈ । ਕਾਪਰ ਥਾਇਰਾਇਡ ਘੱਟ ਕਰਨ ਵਿੱਚ ਸਹਾਈ ਹੁੰਦਾ ਹੈ । ਵਿਟਾਮਿਨ-ਬੀ3 ਅਤੇ ਵਿਟਾਮਿਨ-ਬੀ6 ਵੀ ਅਮਰੂਦ ਫ਼ਲ ਵਿੱਚ ਮੌਜੂਦ ਹੈ । ਅਮਰੂਦ ਦਿਲ ਤੇ ਦਿਮਾਗ ਨੂੰ ਵੀ ਸਹੀ ਰੱਖਦਾ ਹੈ । ਆਂਵਲਾ, ਨਿੰਬੂ ਜਾਤੀ ਦੇ ਫ਼ਲਾਂ ਵਿਚ ਅਤੇ ਸਟਰਾਬਰੀ ਤੇ ਬੇਰ ਵਿੱਚ ਵਿਟਾਮਿਨ-ਸੀ ਕਾਫ਼ੀ ਮਾਤਰਾ ਵਿੱਚ ਉਪਲਬਧ ਹੁੰਦਾ ਹੈ, ਜੋ ਦੰਦਾਂ ਲਈ ਲਾਹੇਵੰਦ ਹੈ ਤੇ ਜ਼ਖ਼ਮਾਂ ਨੂੰ ਜਲਦੀ ਠੀਕ ਕਰਨ ਵਿੱਚ ਸਹਾਈ ਹੁੰਦੇ ਹਨ । ਗਰੇਪ ਫਰੂਟ ਅਤੇ ਬਿੱਲ ਮਨੁੱਖ ਨੂੰ ਸਿਹਤਮੰਦ ਰੱਖਣ ਲਈ ਸਹਾਈ ਹੁੰਦੇ ਹਨ ਤੇ ਰੁੱਖ ਵਧਾਉਂਦੇ ਹਨ । ਕਿੰਨੂ ਵਿੱਚ ਵਿਟਾਮਿਨ-ਸੀ ਮੌਜੂਦ ਹੈ । ਇਸ ਵਿੱਚ ਲਿਮੋਨਿਨ ਦੀ ਮਾਤਰਾ ਖ਼ਾਸ ਕਰਕੇ ਜੂਸ ਵਿੱਚ ਵਧੇਰੇ ਹੋਣ ਕਾਰਨ ਕੋਲੈਸਟਰੋਲ ਤੇ ਕੈਂਸਰ ਵਰਗੇ ਰੋਗਾਂ ਨੂੰ ਦੂਰ ਰੱਖਣ ਵਿੱਚ ਸਮਰੱਥ ਹੈ । ਅੰਜੀਰ, ਲਾਈਮ, ਲੈਮਨ ਤੇ ਆਂਵਲੇ ਵਿੱਚ ਕੈਲਸ਼ੀਅਮ ਦੀ ਮਾਤਰਾ ਬਹੁਤ ਹੁੰਦੀ ਹੈ, ਜਿਸ ਕਰਕੇ ਹੱਡੀਆਂ ਮਜ਼ਬੂਤ ਰਹਿੰਦੀਆਂ ਹਨ । ਆੜੂ, ਫਾਲਸਾ, ਬੇਰ ਆਦਿ ਫ਼ਲਾਂ ਵਿੱਚ ਪੋਟਾਸ਼ੀਅਮ ਕਾਫ਼ੀ ਮਾਤਰਾ ਵਿੱਚ ਹੁੰਦਾ ਹੈ, ਜਿਸ ਲਈ ਇਹ ਫ਼ਲ ਦਮੇ ਤੇ ਸਾਹ ਸੰਬੰਧੀ ਤਕਲੀਫ਼ਾਂ ਦੂਰ ਕਰਨ ਵਿੱਚ ਲਾਭਕਾਰੀ ਹਨ ।

ਬਾਗਬਾਨੀ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ (ਰਿਟਾ.) ਸਵਰਨ ਸਿੰਘ ਮਾਨ ਜੋ ਪਟਿਆਲਾ ਅਮਰੂਦ ਅਸਟੇਟ ਸਥਾਪਤ ਕਰਨ ਵਿੱਚ ਕਾਰਗਰ ਰਹੇ ਹਨ, ਅਨੁਸਾਰ ਪੰਜਾਬ ਵਿੱਚ ਅਮਰੂਦ ਦੀ ਬਾਗਬਾਨੀ ਕਾਫ਼ੀ ਰਕਬੇ 'ਤੇ ਹੈ ਪਰ ਇਸ ਨੂੰ ਹੋਰ ਵਧਾਇਆ ਜਾ ਸਕਦਾ ਹੈ । ਸਾਲ ਵਿੱਚ ਦੋ ਵਾਰ ਫ਼ਲ ਦੇਣ ਕਾਰਨ ਇਹ ਬਾਗਬਾਨਾਂ ਲਈ ਲਾਹੇਵੰਦ ਹੈ । ਡਾ. ਮਾਨ ਕਹਿੰਦੇ ਹਨ ਕਿ ਨਵੇਂ ਬੂਟੇ ਅਜਿਹੀਆਂ ਥਾਵਾਂ 'ਤੇ ਲਾਉਣੇ ਚਾਹੀਦੇ ਹਨ, ਜਿੱਥੇ ਉੱਚ ਬਾਉਂਡਰੀ ਅਤੇ ਹਵਾ ਰੋਕੂ ਵਾੜਾਂ ਲੱਗੀਆਂ ਹੋਣ । ਹਵਾ ਰੋਕੂ ਵਾੜਾਂ ਲਗਾਉਣ ਲਈ ਦੇਸੀ ਅੰਬ, ਜਾਮੁਨ, ਬਿੱਲ, ਬੋਗਨਵਿਲੀਆ ਅਤੇ ਸ਼ਹਿਤੂਤ ਤੇ ਦਰੱਖ਼ਤ ਵੀ ਲਾਏ ਜਾ ਸਕਦੇ ਹਨ । ਇਨ੍ਹਾਂ ਹਵਾ ਰੋਕੂ ਦਰੱਖਤਾਂ ਤੋਂ ਪ੍ਰਾਪਤ ਹੋਣ ਵਾਲੇ ਫ਼ਲਾਂ ਤੇ ਵਾਧੂ ਆਮਦਨ ਵੀ ਹੋਵੇਗੀ । ਨਵੇਂ ਲਾਏ ਬੂਟਿਆਂ ਨੂੰ ਸਿੱਧੀ ਧੁੱਪ ਅਤੇ ਸੂਰਜ ਤੋਂ ਬਚਾਉਣ ਲਈ ਇਨ੍ਹਾਂ ਨੂੰ ਪਲਾਸਟਿਕ ਦੀ ਸ਼ੀਟ ਜਾਂ ਪਰਾਲੀ ਆਦਿ ਨਾਲ ਢੱਕ ਦੇਣਾ ਚਾਹੀਦਾ ਹੈ । ਬੂਟਿਆਂ ਦੇ ਲਾਉਣ ਮਗਰੋਂ ਮਰੇ ਹੋਏ, ਰੋਗੀ ਤੇ ਵਾਧੂ ਸ਼ਾਖਾਵਾਂ ਨੂੰ ਕੱਟ ਦੇਣਾ ਚਾਹੀਦਾ ਹੈ । ਨਵੇਂ ਲਾਏ ਬੂਟਿਆਂ ਨੂੰ ਪਹਿਲੇ ਸਾਲ ਕੋਈ ਰਸਾਇਣਕ ਖਾਦ ਨਹੀਂ ਪਾਉਣੀ ਚਾਹੀਦੀ । ਇੱਕ ਸਾਲ ਮਗਰੋਂ ਪੀ. ਏ. ਯੂ. ਵੱਲੋਂ ਸਿਫ਼ਾਰਸ਼ਸ਼ੁਦਾ ਖਾਦ ਹੀ ਬੂਟਿਆਂ ਨੂੰ ਦੇਣੀ ਚਾਹੀਦੀ ਹੈ । ਨਵੇਂ ਲਾਏ ਫ਼ਲਦਾਰ ਬੂਟਿਆਂ ਨੂੰ ਗਰਮੀਆਂ ਵਿੱਚ ਹਫ਼ਤੇ ਬਾਅਦ ਅਤੇ ਸਰਦੀਆਂ ਵਿੱਚ ਦੋ ਹਫ਼ਤੇ ਬਾਅਦ ਪਾਣੀ ਦੇਣਾ ਚਾਹੀਦਾ ਹੈ । ਆੜੂ, ਨਾਖ, ਅਨਾਰ, ਫਾਲਸਾ, ਅਲੂਚਾ ਆਦਿ ਫ਼ਲਦਾਰ ਬੂਟਿਆਂ ਨੂੰ ਨਵੰਬਰ ਤੋਂ ਦਸੰਬਰ ਦੇ ਮਹੀਨਿਆਂ ਵਿੱਚ ਪਾਣੀ ਨਹੀਂ ਦੇਣਾ ਚਾਹੀਦਾ ਤਾਂ ਜੋ ਉਨ੍ਹਾਂ ਬੂਟਿਆਂ ਦੀ ਪੱਤਝੜ ਚੰਗੀ ਤਰ੍ਹਾਂ ਹੋ ਜਾਵੇ । ਪਾਣੀ ਦੀ ਸੁਚੱਜੀ ਵਰਤੋਂ ਲਈ ਤੁਪਕਾ ਸਿੰਜਾਈ ਪ੍ਰਣਾਲੀ ਦੀ ਵਰਤੋਂ ਕਰਨੀ ਲਾਭਦਾਇਕ ਹੋਵੇਗੀ । ਪਪੀਤਾ ਲਾਉਣ ਲੱਗਿਆਂ ਇਸ ਦੇ ਬੂਟਿਆਂ ਵਿੱਚ ਨਰ ਅਤੇ ਮਾਦਾ ਦੋਵੇਂ ਬੂਟੇ ਹੋਣੇ ਚਾਹੀਦੇ ਹਨ ਤਾਂ ਹੀ ਫ਼ਲ ਪ੍ਰਾਪਤ ਹੋਵੇਗਾ ।



# ਸਰਦੀ ਵਿੱਚ ਵੀ ਗਰਮੀ ਦਾ ਹੋਵੇਗਾ ਅਹਿਸਾਸ

## ਪ੍ਰਸ਼ਾਂਤ ਮਹਾਸਾਗਰ ਵਿੱਚ ਤੇਜ਼ੀ ਨਾਲ ਮਜ਼ਬੂਤ ਹੋ ਰਹੇ ਅਲਨੀਨੋ ਦਾ ਅਸਰ ਸਿਰਫ ਮੌਨਸੂਨੀ ਬਾਰਿਸ਼ 'ਤੇ ਹੀ ਨਹੀਂ, ਸਰਦੀਆਂ 'ਤੇ ਵੀ ਪਵੇਗਾ

ਪ੍ਰਸ਼ਾਂਤ ਮਹਾਸਾਗਰ ਵਿੱਚ ਤੇਜ਼ੀ ਨਾਲ ਮਜ਼ਬੂਤ ਹੋ ਰਹੇ ਅਲਨੀਨੋ ਦਾ ਅਸਰ ਸਿਰਫ ਮੌਨਸੂਨੀ ਬਾਰਿਸ਼ 'ਤੇ ਹੀ ਨਹੀਂ, ਬਲਕਿ ਸਰਦੀ ਦੇ ਮੌਸਮ 'ਤੇ ਵੀ ਪੈ ਸਕਦਾ ਹੈ । ਮੌਸਮ ਵਿਗਿਆਨੀਆਂ ਦਾ ਮੰਨਣਾ ਹੈ ਕਿ ਦਸੰਬਰ ਤੋਂ ਫਰਵਰੀ ਤੱਕ ਠੰਢ ਤਾਂ ਪਵੇਗੀ, ਪਰ ਠੰਢ ਦੌਰਾਨ ਗਰਮ ਦਿਨਾਂ ਦਾ ਫਰਕ ਵੱਧ ਸਕਦਾ ਹੈ । ਖਾਸ ਤੌਰ 'ਤੇ ਉੱਤਰ ਪੱਛਮੀ ਭਾਰਤ ਵਿੱਚ ਇਹ ਬਦਲਾਅ ਮਹੱਤਵਪੂਰਨ ਹੋਵੇਗਾ । ਹਾਲਾਂਕਿ, ਇੱਥੇ ਪੱਛਮੀ ਗੜਬੜੀ ਦੀ ਭੂਮਿਕਾ ਵੀ ਬਹੁਤ ਵੱਡੀ ਹੈ । ਇਹੀ ਮੌਸਮ ਪ੍ਰਣਾਲੀਆਂ ਸਰਦੀਆਂ ਵਿੱਚ ਉੱਤਰ ਭਾਰਤ ਵਿੱਚ ਬਾਰਿਸ਼ ਅਤੇ ਪਹਾੜਾਂ ਵਿੱਚ ਬਰਫਬਾਰੀ ਲਿਆਉਂਦੀਆਂ ਹਨ । ਅਲਨੀਨੋ ਅਤੇ ਪੱਛਮੀ ਗੜਬੜੀ ਵਿੱਚ ਮਜ਼ਬੂਤ ਸਬੰਧ ਹੈ । ਇਸ ਲਈ, ਕੁਝ ਸਥਿਤੀਆਂ ਵਿੱਚ ਪੱਛਮੀ ਗੜਬੜੀ ਜ਼ਿਆਦਾ ਸਰਗਰਮ ਵੀ ਹੋ ਸਕਦੀ ਹੈ । ਅਮਰੀਕੀ ਮੌਸਮ ਵਿਭਾਗ ਦੇ ਨੈਸ਼ਨਲ ਓਸ਼ਨਿਕ ਐਂਡ ਐਟਮਾਸਫੇਰਿਕ ਐਡਮਿਨਿਸਟ੍ਰੇਸ਼ਨ (ਨੋਆ) ਦੇ ਤਾਜ਼ਾ ਅਨੁਮਾਨ ਵਿੱਚ ਦੱਸਿਆ ਗਿਆ ਹੈ ਕਿ ਅਕਤੂਬਰ-ਦਸੰਬਰ ਵਿੱਚ ਅਲਨੀਨੋ ਬਹੁਤ ਮਜ਼ਬੂਤ ਹੋ ਜਾਏਗਾ ।

ਇਹ 1950 ਤੋਂ ਬਾਅਦ ਦਾ ਸਭ ਤੋਂ ਜ਼ਿਆਦਾ ਮਜ਼ਬੂਤ ਅਲਨੀਨੋ ਹੋ ਸਕਦਾ ਹੈ, ਕਿਉਂਕਿ ਪ੍ਰਸ਼ਾਂਤ ਮਹਾਸਾਗਰ ਵਿੱਚ ਸਮੁੰਦਰ ਦੀ ਸਤ੍ਹਾ ਦਾ ਤਾਪਮਾਨ ਹਾਲੇ ਵੀ ਸਾਧਾਰਨ ਤੋਂ ਦੋ ਡਿਗਰੀ ਸੈਲਸੀਅਸ ਜ਼ਿਆਦਾ ਹੋ ਚੁੱਕਾ ਹੈ । ਪਾਣੀ ਦੇ ਅਸਾਧਾਰਨ ਰੂਪ ਨਾਲ ਗਰਮ ਹੋਣ 'ਤੇ ਉੱਥੇ ਹਵਾ ਦੇ ਉੱਪਰ ਉੱਠਣ, ਹੇਠਾਂ ਉਤਰਨ ਨਾਲ ਦਬਾਅ ਦਾ ਪੂਰਾ ਢਾਂਚਾ ਬਦਲ ਜਾਂਦਾ ਹੈ । ਇਸ ਦਾ ਅਸਰ ਹਜ਼ਾਰਾਂ ਕਿਲੋਮੀਟਰ ਦੂਰ ਤੱਕ ਪਹੁੰਚਦਾ ਹੈ । ਮੌਸਮ ਵਿਗਿਆਨ ਦੀ ਭਾਸ਼ਾ ਵਿੱਚ ਇਸ ਨੂੰ ਟੈਲੀ-ਕੁਨੈਕਸ਼ਨ ਕਿਹਾ ਜਾਂਦਾ ਹੈ । ਇਹੀ ਬਦਲਾਅ ਭਾਰਤ ਦੇ ਤਾਪਮਾਨ, ਬਾਰਿਸ਼ ਅਤੇ ਸਰਦੀਆਂ ਵਿੱਚ ਆਉਣ ਵਾਲੀ ਪੱਛਮੀ ਗੜਬੜੀ ਨੂੰ ਪ੍ਰਭਾਵਿਤ ਕਰਦਾ ਹੈ । ਅਲਨੀਨੋ ਦੇ ਸਭ ਤੋਂ ਜ਼ਿਆਦਾ ਮਜ਼ਬੂਤ ਹੋਣ ਤੋਂ ਪਹਿਲਾਂ ਹੀ ਭਾਰਤ ਤੋਂ ਮੌਨਸੂਨੀ ਵਿਦਾਈ ਹੋ ਜਾਏਗੀ । ਵਿਸ਼ਵ ਮੌਸਮ ਸੰਗਠਨ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਲਨੀਨੋ ਦੀ ਤੀਬਰਤਾ ਨਾਲ ਮਹਾਸਾਗਰ ਦੀ ਸਤ੍ਹਾ ਦਾ ਤਾਪਮਾਨ ਸਾਧਾਰਨ ਤੋਂ ਕਰੀਬ 2.9 ਡਿਗਰੀ ਜ਼ਿਆਦਾ ਰਹਿ ਸਕਦਾ ਹੈ ।

# ਕਾਰਪ ਮੱਛੀ ਪਾਲਣ ਤਲਾਅ ਵਿੱਚ ਮੌਸਮੀ ਪ੍ਰਬੰਧਨ ਅਭਿਆਸ



### ਜਾਣ-ਪਛਾਣ

ਕਾਰਪ ਕਲਚਰ ਭਾਰਤ ਅਤੇ ਕਈ ਵਿਕਾਸਸ਼ੀਲ ਦੇਸ਼ਾਂ ਵਿੱਚ ਤਾਜ਼ੇ ਪਾਣੀ ਦੇ ਜਲ-ਖੇਤੀ ਦੀ ਰੀੜ੍ਹ ਦੀ ਹੱਡੀ ਹੈ। ਭਾਰਤੀ ਪ੍ਰਮੁੱਖ ਕਾਰਪ- ਕੈਟਲਾ (ਕੈਟਲਾ ਕੈਟਲਾ), ਰੋਹੂ (ਲੇਬੀਓ ਰੋਹਿਤਾ) ਅਤੇ ਮ੍ਰਿਗਲ (ਸਿਰੀਨਸ ਮ੍ਰਿਗਾਲਾ) ਵਰਗੀਆਂ ਪ੍ਰਜਾਤੀਆਂ - ਆਮ ਕਾਰਪ, ਘਾਹ ਕਾਰਪ ਅਤੇ ਸਿਲਵਰ ਕਾਰਪ ਵਰਗੇ ਵਿਦੇਸ਼ੀ ਕਾਰਪ ਤਲਾਅ-ਅਧਾਰਤ ਜਲ-ਖੇਤੀ ਪ੍ਰਣਾਲੀਆਂ 'ਤੇ ਹਾਵੀ ਹਨ। ਇਹਨਾਂ ਪ੍ਰਜਾਤੀਆਂ ਨੂੰ ਉਨ੍ਹਾਂ ਦੇ ਤੇਜ਼ ਵਿਕਾਸ, ਅਨੁਕੂਲਤਾ, ਉੱਚ ਖਪਤਕਾਰ ਮੰਗ ਅਤੇ ਪੌਲੀਕਲਚਰ ਪ੍ਰਣਾਲੀਆਂ ਵਿੱਚ ਅਨੁਕੂਲਤਾ ਦੇ ਕਾਰਨ ਵਿਆਪਕ ਤੌਰ 'ਤੇ ਤਰਜੀਹ ਦਿੱਤੀ ਜਾਂਦੀ ਹੈ।

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 | 9216103075 | 9216103069

### ਕਾਰਪ ਸੱਭਿਆਚਾਰ ਵਿੱਚ ਮੌਸਮੀ ਪ੍ਰਬੰਧਨ ਦੀ ਮਹੱਤਤਾ

ਕਾਰਪ ਵਾਤਾਵਰਣ ਤਬਦੀਲੀਆਂ ਪ੍ਰਤੀ ਬਹੁਤ ਸੰਵੇਦਨਸ਼ੀਲ ਹੁੰਦੇ ਹਨ ਕਿਉਂਕਿ ਉਹ ਪੋਇਕੀਲੋਥਰਮਿਕ ਜਾਨਵਰ ਹਨ।

**ਮੌਸਮੀ ਤਬਦੀਲੀਆਂ ਦਾ ਪ੍ਰਭਾਵ**

★ ਵਿਕਾਸ ਦਰ ਅਤੇ ਫੀਡ ਪਰਿਵਰਤਨ ਕੁਸ਼ਲਤਾ
★ ਘੁਲਿਆ ਹੋਇਆ ਆਕਸੀਜਨ ਪੱਧਰ
★ ਪਲੈਂਕਟਨ ਉਤਪਾਦਕਤਾ (ਕੁਦਰਤੀ ਭੋਜਨ)
★ ਬਿਮਾਰੀ ਦੀ ਸੰਵੇਦਨਸ਼ੀਲਤਾ
★ ਪ੍ਰਜਨਨ ਚੱਕਰ

**ਕਾਰਪ ਕਲਚਰ ਪ੍ਰਣਾਲੀ ਦਾ ਸੰਖੇਪ**

ਕਾਰਪ ਕਲਚਰ ਆਮ ਤੌਰ 'ਤੇ ਤਿੰਨ-ਪੱਧਰੀ ਪ੍ਰਣਾਲੀ ਦੀ ਪਾਲਣਾ ਕਰਦਾ ਹੈ :

1. **ਨਰਸਰੀ ਤਲਾਬ** : ਸਪੌਨ → ਫਰਾਈ (2-3 ਸੈਂਟੀਮੀਟਰ)
2. **ਤਲਾਬ ਪਾਲਣ** : ਫਰਾਈ → ਫਿੰਗਰਲਿੰਗ (8-12 ਸੈਂਟੀਮੀਟਰ)
3. **ਸਟਾਕਿੰਗ ਤਲਾਬ** : ਫਿੰਗਰਲਿੰਗ → ਟੇਬਲ-ਆਕਾਰ ਦੀਆਂ ਮੱਛੀਆਂ

ਹਰੇਕ ਪੜਾਅ 'ਤੇ ਸਹੀ ਪ੍ਰਬੰਧਨ ਜ਼ਰੂਰੀ ਹੈ, ਕਿਉਂਕਿ ਕਿਸੇ ਵੀ ਪੜਾਅ 'ਤੇ ਲਾਪਰਵਾਹੀ ਉਤਪਾਦਕਤਾ ਅਤੇ ਲਾਭਕਾਰੀਤਾ ਨੂੰ ਪ੍ਰਭਾਵਤ ਕਰਦੀ ਹੈ।

ਕਾਰਪ ਪੌਲੀਕਲਚਰ ਸਾਰੇ ਵਾਤਾਵਰਣਿਕ ਸਥਾਨਾਂ ਦੀ ਵਰਤੋਂ ਕਰਨ ਦੇ ਸਿਧਾਂਤ 'ਤੇ ਅਧਾਰਤ ਹੈ :

★ ਸਤਹੀ ਫੀਡਰ (ਕੈਟਲਾ, ਸਿਲਵਰ ਕਾਰਪ)
★ ਕਾਲਮ ਫੀਡਰ (ਰੋਹੂ)
★ ਹੇਠਲੇ ਫੀਡਰ (ਮ੍ਰਿਗਲ, ਆਮ ਕਾਰਪ)

ਇਹ ਤਲਾਅ ਦੇ ਸਰੋਤਾਂ ਦੀ ਕੁਸ਼ਲ ਵਰਤੋਂ ਅਤੇ ਵੱਧ ਉਤਪਾਦਨ ਨੂੰ ਯਕੀਨੀ ਬਣਾਉਂਦਾ ਹੈ।

**ਸਈਅਦ ਸ਼ਬੀਹ ਹਸਨ, ਹਰਗੋਬਿੰਦ ਸਿੰਘ ਅਤੇ ਲਾਵਨਿਆ,**
ਮੱਛੀ ਪਾਲਣ ਸਰੋਤ ਪ੍ਰਬੰਧਨ ਵਿਭਾਗ, ਫਿਸ਼ਰੀਜ਼ ਕਾਲਜ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ-141004 (ਪੰਜਾਬ)

### ਕਾਰਪ ਮੱਛੀ ਪਾਲਣ ਵਿੱਚ ਮੌਸਮੀ ਪ੍ਰਬੰਧਨ ਅਭਿਆਸ

**ਗਰਮੀਆਂ ਦੇ ਮੌਸਮ ਪ੍ਰਬੰਧਨ (ਮਾਰਚ-ਜੂਨ)**

ਗਰਮੀਆਂ ਕਾਰਪ ਕਲਚਰ ਵਿੱਚ ਉੱਚ ਤਾਪਮਾਨ ਅਤੇ ਘੱਟ ਪਾਣੀ ਦੇ ਪੱਧਰ ਕਾਰਨ ਇੱਕ ਮਹੱਤਵਪੂਰਨ ਸਮਾਂ ਹੁੰਦਾ ਹੈ।

**ਚੁਣੌਤੀਆਂ**

★ ਉੱਚ ਤਾਪਮਾਨ (30-40°C)
★ ਘੱਟ ਘੁਲਣਸ਼ੀਲ ਆਕਸੀਜਨ
★ ਵਧਿਆ ਹੋਇਆ ਵਾਸ਼ਪੀਕਰਨ
★ ਤਣਾਅ ਅਤੇ ਮੌਤ ਦਰ



**ਪ੍ਰਬੰਧਨ ਅਭਿਆਸ**

1. ਪਾਣੀ ਦੀ ਡੂੰਘਾਈ ਦੀ ਸੰਭਾਲ
★ ਤਾਪਮਾਨ ਦੇ ਤਣਾਅ ਨੂੰ ਘਟਾਉਣ ਲਈ 1.5-2 ਮੀਟਰ ਪਾਣੀ ਦੀ ਡੂੰਘਾਈ ਬਣਾਈ ਰੱਖੋ।
★ ਵਾਸ਼ਪੀਕਰਨ ਦੇ ਨੁਕਸਾਨ ਦੀ ਭਰਪਾਈ ਲਈ ਨਿਯਮਿਤ ਤੌਰ 'ਤੇ ਪਾਣੀ ਪਾਓ।
2. ਵਾਸ਼ਪੀਕਰਨ ਅਤੇ ਆਕਸੀਜਨ ਨਿਯੰਤਰਣ
★ ਏਰੀਏਟਰ ਲਗਾਓ ਜਾਂ ਹੱਥੀ ਪਾਣੀ ਛਿੜਕੋ।
★ ਸਵੇਰੇ ਤੜਕੇ ਆਕਸੀਜਨ ਦੀ ਕਮੀ ਆਮ ਹੈ।
3. ਭੋਜਨ ਰਣਨੀਤੀ
★ ਠੰਢੇ ਘੰਟਿਆਂ ਦੌਰਾਨ (ਸਵੇਰ/ਸ਼ਾਮ) ਭੋਜਨ ਦਿਓ।
★ ਆਕਸੀਜਨ ਦੀ ਕਮੀ ਨੂੰ ਰੋਕਣ ਲਈ ਜ਼ਿਆਦਾ ਖਾਣਾ ਖਾਣ ਤੋਂ ਬਚੋ।
4. ਖਾਦ ਨਿਯੰਤਰਣ
★ ਐਲਗਲ ਬਲੂਮ ਕਰੈਸ਼ ਤੋਂ ਬਚਣ ਲਈ ਖਾਦ ਘਟਾਓ।
5. ਚੂਨਾ
★ ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਚੂਨਾ ਲਗਾਓ।

**ਮਾਨਸੂਨ ਸੀਜ਼ਨ ਪ੍ਰਬੰਧਨ (ਜੁਲਾਈ-ਸਤੰਬਰ)**

ਮੌਨਸੂਨ ਸੀਜ਼ਨ ਭਾਰੀ ਬਾਰਿਸ਼ ਲਿਆਉਂਦਾ ਹੈ, ਜਿਸ ਨਾਲ ਤਲਾਅ ਦੀ ਸਥਿਰਤਾ ਅਤੇ ਪਾਣੀ ਦੀ ਗੁਣਵੱਤਾ ਪ੍ਰਭਾਵਿਤ ਹੁੰਦੀ ਹੈ।

**ਚੁਣੌਤੀਆਂ**

★ ਹੜ੍ਹ ਅਤੇ ਮੱਛੀਆਂ ਦਾ ਭੱਜਣਾ
★ ਗੰਦਗੀ ਅਤੇ ਘਟੀ ਹੋਈ ਉਤਪਾਦਕਤਾ
★ ਸ਼ਿਕਾਰੀਆਂ ਅਤੇ ਜੰਗਲੀ ਮੱਛੀਆਂ ਦਾ ਦਾਖਲਾ
★ ਅਚਾਨਕ pH ਵਿੱਚ ਬਦਲਾਅ

**ਪ੍ਰਬੰਧਨ ਅਭਿਆਸ**

1. ਬੰਨ੍ਹਾਂ ਅਤੇ ਡਾਈਕਾਂ ਨੂੰ ਮਜ਼ਬੂਤ ਕਰਨਾ
★ ਕਟੌਤੀ ਅਤੇ ਟੁੱਟਣ ਨੂੰ ਰੋਕਣ ਲਈ ਬੰਨ੍ਹਾਂ ਦੀ ਮੁਰੰਮਤ ਕਰੋ।
2. ਸਕ੍ਰੀਨਾਂ ਦੀ ਵਰਤੋਂ
★ ਮੱਛੀਆਂ ਦੇ ਭੱਜਣ ਅਤੇ ਸ਼ਿਕਾਰੀਆਂ ਦੇ ਦਾਖਲੇ ਨੂੰ ਰੋਕਣ ਲਈ ਇਨਲੇਟ/ਆਊਟਲੇਟ 'ਤੇ ਜਾਲ ਲਗਾਓ।
3. ਗੰਦਗੀ ਨਿਯੰਤਰਣ
★ ਚਿੱਕੜ ਵਾਲੇ ਪਾਣੀ ਨੂੰ ਸਾਫ਼ ਕਰਨ ਲਈ ਚੂਨਾ ਜਾਂ ਜਿਪਸਮ ਲਗਾਓ।
4. ਖਾਦ ਪ੍ਰਬੰਧਨ
★ ਮੀਂਹ ਦਾ ਪਾਣੀ ਪੌਸ਼ਟਿਕ ਤੱਤਾਂ ਨੂੰ ਪਤਲਾ ਕਰਦਾ ਹੈ; ਖਾਦਾਂ ਨੂੰ ਸਮਝਦਾਰੀ ਨਾਲ ਲਾਗੂ ਕਰੋ।
5. ਸਟਾਕਿੰਗ ਪ੍ਰਬੰਧਨ
★ ਭਾਰੀ ਬਾਰਿਸ਼ ਦੌਰਾਨ ਸਟਾਕਿੰਗ ਤੋਂ ਬਚੋ; ਮੌਨਸੂਨ ਦੀ ਸ਼ੁਰੂਆਤ ਜਾਂ ਮਾਨਸੂਨ ਤੋਂ ਬਾਅਦ ਪਸੰਦ ਕਰੋ।
6. ਬੂਟੀ ਅਤੇ ਸ਼ਿਕਾਰੀ ਨਿਯੰਤਰਣ
★ ਭੰਡਾਰ ਕਰਨ ਤੋਂ ਪਹਿਲਾਂ ਜਲ-ਬੂਟੀ ਨੂੰ ਹਟਾਓ ਅਤੇ ਅਣਚਾਹੇ ਮੱਛੀਆਂ ਨੂੰ ਖਤਮ ਕਰੋ।
7. ਬਿਮਾਰੀ ਦੀ ਰੋਕਥਾਮ
★ ਸਫਾਈ ਬਣਾਈ ਰੱਖੋ; ਬਰਸਾਤੀ ਮੌਸਮ ਜਰਾਸੀਮ ਦੇ ਵਾਧੇ ਦਾ ਸਮਰਥਨ ਕਰਦਾ ਹੈ।

**ਸਰਦੀਆਂ ਦੇ ਮੌਸਮ ਪ੍ਰਬੰਧਨ (ਅਕਤੂਬਰ-ਫਰਵਰੀ)**

ਸਰਦੀਆਂ ਕਾਰਪ ਮੈਟਾਬੋਲਿਜ਼ਮ ਅਤੇ ਵਿਕਾਸ ਨੂੰ ਹੌਲੀ ਕਰ ਦਿੰਦੀਆਂ ਹਨ।

**ਚੁਣੌਤੀਆਂ**

★ ਘੱਟ ਤਾਪਮਾਨ
★ ਘੱਟ ਖੁਰਾਕ
★ ਹੌਲੀ ਵਾਧਾ
★ ਆਕਸੀਜਨ ਪੱਧਰੀਕਰਨ

**ਪ੍ਰਬੰਧਨ ਅਭਿਆਸ**

1. ਖੁਰਾਕ ਸਮਾਯੋਜਨ
★ ਖੁਰਾਕ ਦੀ ਮਾਤਰਾ ਘਟਾਓ।
★ ਉੱਚ-ਗੁਣਵੱਤਾ ਵਾਲੀ, ਪਚਣਯੋਗ ਖੁਰਾਕ ਪ੍ਰਦਾਨ ਕਰੋ।
2. ਪਾਣੀ ਦੀ ਡੂੰਘਾਈ ਦੀ ਦੇਖਭਾਲ
★ ਤਾਪਮਾਨ ਨੂੰ ਸਥਿਰ ਕਰਨ ਲਈ ਡੂੰਘੇ ਤਲਾਬ ਬਣਾਈ ਰੱਖੋ।
3. ਹਵਾਬਾਜ਼ੀ
★ ਆਕਸੀਜਨ ਦੀ ਘਾਟ ਨੂੰ ਰੋਕੋ, ਖਾਸ ਕਰਕੇ ਸਵੇਰੇ ਜਲਦੀ।
4. ਖਾਦ ਘਟਾਉਣਾ
★ ਕੁਦਰਤੀ ਉਤਪਾਦਕਤਾ ਘਟਦੀ ਹੈ; ਜ਼ਿਆਦਾ ਖਾਦ ਪਾਉਣ ਤੋਂ ਬਚੋ।
5. ਸਿਹਤ ਨਿਗਰਾਨੀ
★ ਮੱਛੀ ਪ੍ਰਤੀਰੋਧਕ ਸ਼ਕਤੀ ਘੱਟ ਜਾਂਦੀ ਹੈ; ਬਿਮਾਰੀਆਂ ਦੀ ਨਿਗਰਾਨੀ ਕਰੋ।
6. ਕਟਾਈ
★ ਸਰਦੀਆਂ ਬਾਜ਼ਾਰ-ਆਕਾਰ ਦੀਆਂ ਮੱਛੀਆਂ ਦੀ ਕਟਾਈ ਲਈ ਆਦਰਸ਼ ਹਨ।

### ਪੂਰਵ-ਭੰਡਾਰ, ਭੰਡਾਰਨ ਅਤੇ ਸਟਾਕਿੰਗ ਤੋਂ ਬਾਅਦ ਮੌਸਮੀ ਏਕੀਕਰਨ

**ਪੂਰਵ-ਭੰਡਾਰ ਪੜਾਅ**

★ ਤਲਾਅ ਨੂੰ ਸੁਕਾਉਣਾ ਅਤੇ ਗਾਰ ਕੱਢਣਾ
★ ਚੂਨਾ ਲਗਾਉਣ ਅਤੇ ਖਾਦ ਪਾਉਣਾ
★ ਸ਼ਿਕਾਰੀ ਅਤੇ ਨਦੀਨ ਮੱਛੀਆਂ ਨੂੰ ਹਟਾਉਣਾ

ਪੂਰਵ-ਭੰਡਾਰ ਕੁਦਰਤੀ ਭੋਜਨ ਦੀ ਉਪਲਬਧਤਾ

(ਬਾਕੀ ਸਫਾ 15 'ਤੇ)

# ਬਿਹਾਰ ਵਿੱਚ ਕੋਸੀ ਦੇ ਹੜ੍ਹ ਪ੍ਰਭਾਵਿਤ ਕਿਸਾਨ ਦੇਖ ਰਹੇ ਹਨ
# ਈ 20 ਵਿੱਚ 'ਸੋਨੇ ਦੀ ਖਾਨ'

ਇਥੇਨੌਲ ਅਤੇ ਈ 20 ਦੀਆਂ ਬਹਿਸ਼ਾਂ ਨੂੰ ਪਾਸੇ ਰੱਖ ਕੇ ਦੇਖੀਏ, ਤਾਂ ਬਿਹਾਰ ਦੇ ਹੜ੍ਹ ਪ੍ਰਭਾਵਿਤ ਕੋਸੀ ਦੇ ਮੈਦਾਨ ਇੱਕ ਵੱਖਰੀ ਹੀ ਕਹਾਣੀ ਬਿਆਨ ਕਰਦੇ ਹਨ- 'ਪੀਲਾ ਸੋਨਾ', ਜਿਵੇਂ ਕਿ ਸਥਾਨਕ ਲੋਕ ਇਸ ਨੂੰ ਕਹਿੰਦੇ ਹਨ, ਦੀ ਬਦੌਲਤ 5 ਸਾਲਾਂ ਵਿੱਚ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਗਈ ਹੈ। ਕੋਸੀ ਵਿੱਚ ਮੱਕੀ ਇਹ ਦੱਸਦੀ ਹੈ ਕਿ ਕਿਵੇਂ ਇੱਕ ਰਾਸ਼ਟਰੀ ਊਰਜਾ ਨੀਤੀ ਗੇਮ-ਚੇਂਜਰ ਸਾਬਤ ਹੋ ਰਹੀ ਹੈ।

ਸੁਪੌਲ ਦੇ ਕੁੜੀਆਂ ਪੱਟੀ ਪਿੰਡ ਦੇ 52 ਸਾਲਾ ਕਿਸਾਨ ਰਮਨ ਕੁਮਾਰ ਰਾਹੀ ਨੇ ਇੱਕ ਹਫ਼ਤੇ ਪਹਿਲਾਂ ਆਪਣੀ 20 ਏਕੜ ਜ਼ਮੀਨ ਤੋਂ ਮੱਕੀ ਦੀ ਫ਼ਸਲ 13 ਲੱਖ ਰੁਪਏ ਵਿੱਚ ਵੇਚੀ। ਲਗਭਗ 8 ਲੱਖ ਰੁਪਏ ਦਾ ਨਿਵੇਸ਼ ਕਰਨ ਤੋਂ ਬਾਅਦ, ਉਨ੍ਹਾਂ ਨੇ 6 ਮਹੀਨਿਆਂ ਵਿੱਚ ਆਪਣੇ ਪੈਸੇ ਲਗਭਗ ਦੁੱਗਣੇ ਕਰ ਲਏ। ਮੱਕੀ ਬਾਰੇ ਉਹ ਕਹਿੰਦੇ ਹਨ, "ਇਹ ਪੀਲਾ ਸੋਨਾ ਹੈ।"

ਉਨ੍ਹਾਂ ਨੇ ਕਿਹਾ, "ਕੋਈ ਵੀ ਬੈਂਕ ਜਾਂ ਬੱਚਤ ਯੋਜਨਾ ਇਸ ਤਰ੍ਹਾਂ ਦੇ ਰਿਟਰਨ ਦੀ ਗਾਰੰਟੀ ਨਹੀਂ ਹੋ ਸਕਦੀ। ਮੈਂ ਹੋਰ ਵੀ ਕਮਾ ਸਕਦਾ ਸੀ ਪਰ ਮਾਰਚ ਵਿੱਚ ਬੇਵਕਤ ਆਏ ਹਨੇਰੀ-ਤੂਫ਼ਾਨ ਅਤੇ ਮੀਂਹ ਕਾਰਨ ਫ਼ਸਲ ਪ੍ਰਭਾਵਿਤ ਹੋ ਗਈ ?" ਰਾਹੀ ਹੁਣ ਝੋਨੇ ਦੀ ਫ਼ਸਲ ਦੀ ਤਿਆਰੀ ਕਰ ਰਹੇ ਹਨ।

**ਮੱਕੀ ਦੀ ਕਹਾਣੀ** : ਅਜਿਹਾ ਨਹੀਂ ਹੈ ਕਿ ਇਸ ਇਲਾਕੇ ਦੇ ਕਿਸਾਨ ਪਹਿਲਾਂ ਮੱਕੀ ਨਹੀਂ ਉਗਾਉਂਦੇ ਸਨ ਪਰ ਉਦੋਂ ਇਸ ਦਾ ਦਾਇਰਾ ਛੋਟਾ ਸੀ ਅਤੇ ਮੁਨਾਫ਼ਾ ਸੀਮਤ। ਪੂਰਨੀਆਂ ਦੇ ਪਰੋਰਾ ਪਿੰਡ ਦੇ 61 ਸਾਲਾ ਕਿਸਾਨ ਅਰਵਿੰਦ ਸਿੰਘ ਨੇ ਕਿਹਾ, "ਅਸੀਂ ਕਣਕ ਅਤੇ ਜੂਟ ਦੀ ਖੇਤੀ ਜ਼ਿਆਦਾ ਕਰਦੇ ਸੀ ਅਤੇ ਥੋੜ੍ਹੀ ਮਾਤਰਾ ਵਿੱਚ ਮੱਕੀ ਉਗਾਉਂਦੇ ਸੀ। ਮੈਨੂੰ ਯਾਦ ਹੈ 2010 ਵਿੱਚ ਮੱਕੀ 800 ਰੁਪਏ ਪ੍ਰਤੀ ਕੁਇੰਟਲ ਸੀ।

ਅੱਜ ਇਹ 1,800 ਤੋਂ 1,900 ਰੁਪਏ ਪ੍ਰਤੀ ਕੁਇੰਟਲ ਦੇ ਆਸ-ਪਾਸ ਹੈ।" ਆਪਣੀ 8 ਏਕੜ ਜ਼ਮੀਨ ਤੋਂ ਅਰਵਿੰਦ ਸਿੰਘ ਨੇ ਮੱਕੀ ਵੇਚ ਕੇ 40,000 ਰੁਪਏ ਪ੍ਰਤੀ ਏਕੜ ਦੀ ਕਮਾਈ ਕੀਤੀ। ਪਰੋਰਾ ਵਿੱਚ 35 ਏਕੜ ਜ਼ਮੀਨ ਵਾਲੇ ਕਿਸਾਨ ਉਦਯ ਸ਼ੰਕਰ ਚੌਧਰੀ ਨੇ ਦੱਸਿਆ, "ਅੱਜਕਲ ਪਿੰਡਾਂ ਵਿੱਚ ਜੋ ਵੀ ਪੈਸਾ ਤੁਸੀਂ ਦੇਖ ਰਹੇ ਹੋ, ਉਹ ਮੁੱਖ ਤੌਰ 'ਤੇ ਮੱਕੀ ਦੀ ਵਜ੍ਹਾ ਨਾਲ ਹੈ। ਜਿਹੜੇ ਲੋਕ ਸਾਈਕਲ ਦਾ ਖ਼ਰਚਾ ਨਹੀਂ ਉਠਾ ਸਕਦੇ ਸਨ, ਉਨ੍ਹਾਂ ਕੋਲ ਹੁਣ ਮੋਟਰਸਾਈਕਲ ਹੈ।" ਹੜ੍ਹ ਪ੍ਰਭਾਵਿਤ ਇਸ ਖੇਤਰ ਵਿੱਚ ਮੱਕੀ ਦਾ ਫ਼ਸਲ ਚੱਕਰ ਉਨ੍ਹਾਂ ਨੂੰ ਸਾਉਣੀ ਦੀ ਝੋਨੇ ਦੀ ਫ਼ਸਲ ਵਿੱਚ ਹੋਣ ਵਾਲੇ ਨੁਕਸਾਨ ਦੀ ਪੂਰਤੀ ਕਰਨ ਦਾ ਮੌਕਾ ਦਿੰਦਾ ਹੈ।

**ਇਥੇਨੌਲ ਦਾ ਪ੍ਰਭਾਵ** : 5 ਸਾਲ ਪਹਿਲਾਂ ਤੱਕ ਬਿਹਾਰ ਵਿੱਚ ਮੱਕੀ ਨੂੰ ਕਦੇ ਨਕਦੀ ਫ਼ਸਲ ਨਹੀਂ ਮੰਨਿਆ ਜਾਂਦਾ ਸੀ। ਇਸ ਦੀ ਵਰਤੋਂ ਭੋਜਨ, ਸਟਾਰਚ ਅਤੇ ਕੌਰਨ ਫਲੈਕਸ ਤੇ ਪੌਪਕਾਰਨ ਲਈ ਕੁਝ ਐੱਫ. ਐੱਮ. ਸੀ. ਜੀ. ਕੰਪਨੀਆਂ ਵੱਲੋਂ ਖ਼ਰੀਦ ਤੱਕ ਹੀ ਸੀਮਤ ਸੀ। ਵੱਡੀ ਪੱਧਰ ਦੇ ਵਪਾਰੀ ਸਥਾਨਕ ਵਪਾਰੀਆਂ ਤੋਂ ਖ਼ਰੀਦਦਾਰੀ ਕਰਦੇ ਸਨ।

ਸੁਪੌਲ ਦੇ ਨਕਟਾ ਪਿੰਡ ਦੇ 58 ਸਾਲਾ ਕਿਸਾਨ ਮਿਥਿਲੇਸ਼ ਕੁਮਾਰ ਨੇ ਦੱਸਿਆ, "ਪਿਛਲੇ 10 ਸਾਲਾਂ ਵਿੱਚ ਚੀਜ਼ਾਂ ਬਦਲਦੀਆਂ ਹਨ। ਮੁਰਗੀਆਂ ਅਤੇ ਆਂਡਿਆਂ ਦੀ ਵਧਦੀ ਮੰਗ ਕਾਰਨ ਪੋਲਟਰੀ ਫ਼ੀਡ ਲਈ ਮੱਕੀ ਦੀ ਮੰਗ ਵਧੀ ਹੈ। ਪਿਛਲੇ 3-4 ਸਾਲਾਂ ਵਿੱਚ ਇਥੇਨੌਲ ਉਦਯੋਗ ਵਿੱਚ ਇੱਕ ਪ੍ਰਮੁੱਖ ਮੰਗ ਪੈਦਾ ਕਰਨ ਵਾਲੇ ਵਜੋਂ ਉਭਰਿਆ ਹੈ।"

ਮਾਰਚ 2021 ਵਿੱਚ, ਬਿਹਾਰ ਇਥੇਨੌਲ ਉਤਪਾਦਨ ਨੀਤੀ ਲਿਆਉਣ ਵਾਲੀ ਪਹਿਲੀ ਰਾਜ ਸਰਕਾਰ ਬਣੀ।

ਸਾਬਕਾ ਰਾਜ ਉਦਯੋਗ ਮੰਤਰੀ ਸ਼ਾਨਵਾਜ਼ ਹੁਸੈਨ ਨੇ ਦੱਸਿਆ, "ਮੈਂ ਦੇਖਿਆ ਕਿ ਬਿਹਾਰ ਵਿੱਚ ਸਿਰਫ਼ ਖੇਤੀ ਆਧਾਰਿਤ



ਉਦਯੋਗ ਹੀ ਵਧ ਸਕਦਾ ਹੈ। ਉਸ ਸਮੇਂ ਕੇਂਦਰ ਸਰਕਾਰ ਪੈਟਰੋਲ ਵਿੱਚ ਇਥੇਨੌਲ ਮਿਸ਼ਰਣ ਅਤੇ ਹੋਰ ਜੈਵਿਕ ਬਾਲਣ 'ਤੇ ਜ਼ੋਰ ਦੇ ਰਹੀ ਸੀ। ਇਹ ਬਿਹਾਰ ਲਈ ਖੇਤੀ ਨੂੰ ਉਦਯੋਗ ਨਾਲ ਜੋੜਨ ਦਾ ਇੱਕ ਮੌਕਾ ਸੀ। ਅਸੀਂ ਉਦਯੋਗਾਂ ਨੂੰ ਬਿਹਾਰ ਵਿੱਚ ਇਥੇਨੌਲ ਪਲਾਂਟ ਸਥਾਪਿਤ ਕਰਨ ਲਈ ਸੱਦਾ ਦਿੱਤਾ। ਉਸੇ ਨੇ ਸਭ ਕੁੱਝ ਬਦਲ ਦਿੱਤਾ।" ਬਿਹਾਰ ਵਿੱਚ ਅਨਾਜ ਆਧਾਰਿਤ 12 ਇਥੇਨੌਲ ਪਲਾਂਟ ਹਨ, ਜਿੱਥੇ ਉਹ ਇਥੇਨੌਲ ਦਾ ਉਤਪਾਦਨ ਕਰਨ ਲਈ ਮੱਕੀ ਜਾਂ ਟੁੱਟੇ ਹੋਏ ਚੌਲਾਂ ਦੀ ਵਰਤੋਂ ਕਰਦੇ ਹਨ।

ਇੱਕ ਇਥੇਨੌਲ ਕੰਪਨੀ ਦੇ ਐੱਮ.ਡੀ. ਅਜੈ ਸਿੰਘ ਨੇ ਦੱਸਿਆ, "ਸਾਡੇ ਕੁੱਲ ਇਥੇਨੌਲ ਉਤਪਾਦਨ ਦਾ 40 ਫ਼ੀਸਦੀ ਟੁੱਟੇ ਹੋਏ ਚੌਲਾਂ ਤੋਂ ਬਣਾਇਆ ਜਾਂਦਾ ਹੈ ਜਿਸ ਨੂੰ ਅਸੀਂ ਐੱਫ. ਸੀ. ਆਈ. ਤੋਂ ਖ਼ਰੀਦਦੇ ਹਾਂ ਅਤੇ ਬਾਕੀ 60 ਫ਼ੀਸਦੀ ਮੱਕੀ ਤੋਂ ਤਿਆਰ ਹੁੰਦਾ ਹੈ।"

**ਬਿਹਾਰ ਦੀ ਮੱਕੀ ਕ੍ਰਾਂਤੀ** : 2018 ਵਿੱਚ, ਬਿਹਾਰ 3.02 ਮਿਲੀਅਨ ਟਨ ਦੇ ਕੁੱਲ ਉਤਪਾਦਨ ਨਾਲ ਤੀਜਾ ਸਭ ਤੋਂ ਵੱਡਾ ਮੱਕੀ ਉਤਪਾਦਕ ਰਾਜ ਸੀ, ਜੋ ਭਾਰਤ ਦੀ ਕੁੱਲ ਮੱਕੀ ਉਤਪਾਦਨ ਦਾ 11 ਫ਼ੀਸਦੀ ਸੀ। ਹਾਲਾਂਕਿ, ਅਗਲੇ 3 ਸਾਲਾਂ ਵਿੱਚ ਇਹ ਚੋਟੀ ਦੇ 3 ਦੀ ਸੂਚੀ ਤੋਂ ਬਾਹਰ ਹੋ ਗਿਆ, 2022 ਵਿੱਚ ਫਿਰ ਤੋਂ ਵਾਪਸੀ ਕੀਤੀ, ਜਦੋਂ ਉਹ ਕਰਨਾਟਕ ਤੋਂ ਬਾਅਦ ਅਤੇ ਮੱਧ ਪ੍ਰਦੇਸ਼ ਨੂੰ ਪਛਾੜ ਕੇ ਦੂਜਾ ਸਭ ਤੋਂ ਵੱਡਾ ਮੱਕੀ ਉਤਪਾਦਕ ਰਾਜ ਬਣਿਆ। ਕੁੱਲ ਮੱਕੀ ਉਤਪਾਦਨ 4.61 ਮਿਲੀਅਨ ਟਨ ਸੀ, ਜੋ ਦੇਸ਼ ਦੇ ਕੁੱਲ ਮੱਕੀ ਉਤਪਾਦਨ ਦਾ 13 ਫ਼ੀਸਦੀ ਸੀ। ਉਦੋਂ ਤੋਂ, ਬਿਹਾਰ ਚੋਟੀ ਦੇ 3 ਮੱਕੀ ਉਤਪਾਦਕ ਰਾਜਾਂ ਵਿੱਚ ਬਣਿਆ ਹੋਇਆ ਹੈ।

ਪੱਪੂ ਯਾਦਵ (52), ਜੋ ਇੱਕ ਕਮਿਸ਼ਨ ਏਜੰਟ ਹਨ, ਖੇਤਰ ਦੇ ਸਭ ਤੋਂ ਵੱਡੇ ਮੱਕੀ ਵਪਾਰ ਕੇਂਦਰ-ਗੁਲਾਬ ਬਾਗ ਮੰਡੀ, ਪੂਰਨੀਆ ਵਿੱਚ ਪਿਛਲੇ 10 ਸਾਲਾਂ ਤੋਂ ਮੱਕੀ ਵਪਾਰ ਵਿੱਚ ਹਨ। ਉਹ ਕਹਿੰਦੇ ਹਨ, "ਮੈਂ ਮੱਕੀ ਦੀ ਦਰ ਅਤੇ ਉਤਪਾਦਨ ਵਿੱਚ ਕਈ ਉਤਰਾਅ-ਚੜ੍ਹਾਅ ਦੇਖੇ ਹਨ। ਪਿਛਲੇ ਕੁਝ ਸਾਲਾਂ ਵਿੱਚ ਇਸ ਵਿੱਚ ਕੁਝ ਸਥਿਰਤਾ ਆਈ ਹੈ, ਜਿਸ ਨਾਲ ਸਨਮਾਨਜਨਕ ਰਿਟਰਨ ਮਿਲ ਰਿਹਾ ਹੈ। ਮੈਂ ਮੱਕੀ ਉਤਪਾਦਨ ਦੇ ਨਾਲ ਕਿਸਾਨਾਂ ਦੀ ਆਮਦਨ ਵਿੱਚ ਤਬਦੀਲੀ ਦੇਖੀ ਹੈ।"

**ਐੱਮ. ਐੱਸ. ਪੀ. ਦੀ ਮੰਗ** : ਕਿਸਾਨਾਂ ਦਾ ਮੰਨਣਾ ਹੈ ਕਿ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ (ਐੱਮ. ਐੱਸ. ਪੀ.) ਯਕੀਨੀ ਬਣਾਉਣ ਨਾਲ ਉਨ੍ਹਾਂ ਦਾ ਜੀਵਨ ਬਿਹਤਰ ਹੋ ਸਕਦਾ ਹੈ। ਮੱਕੀ ਲਈ ਐੱਮ. ਐੱਸ. ਪੀ. 2,410 ਰੁਪਏ ਪ੍ਰਤੀ ਕੁਇੰਟਲ ਹੈ। ਰਾਹੀ ਅਫ਼ਸੋਸ ਜਤਾਉਂਦੇ ਹੋਏ ਕਹਿੰਦੇ ਹਨ, "ਚੌਲਾਂ ਅਤੇ ਝੋਨੇ ਦੀ ਤਰ੍ਹਾਂ ਮੱਕੀ ਦੀ ਕੋਈ ਨਿਸ਼ਚਿਤ ਸਰਕਾਰੀ ਖ਼ਰੀਦ ਨਹੀਂ ਹੈ। ਬਿਹਾਰ ਵਿੱਚ ਕੋਈ ਮੰਡੀ ਵਿਵਸਥਾ ਨਹੀਂ ਹੈ। ਅਸੀਂ ਨਿੱਜੀ ਵਪਾਰੀਆਂ 'ਤੇ ਨਿਰਭਰ ਹਾਂ ਅਤੇ ਸਾਡੇ ਕੋਲ ਜ਼ਿਆਦਾ ਭਾਅ ਬਣਾਉਣ ਦੀ ਤਾਕਤ ਨਹੀਂ ਹੈ। ਅਸੀਂ ਸਰਕਾਰ ਨੂੰ ਐੱਮ. ਐੱਸ. ਪੀ. 'ਤੇ ਮੱਕੀ ਦੀ ਖ਼ਰੀਦ ਲਈ ਕਦਮ ਚੁੱਕਣ ਦੀ ਅਪੀਲ ਕਰਦੇ ਹਾਂ।"

ਰਾਜ ਦੇ ਖੇਤੀਬਾੜੀ ਮੰਤਰੀ ਵਿਜੈ ਕੁਮਾਰ ਸਿਨਹਾ ਦਾ ਕਹਿਣਾ ਹੈ ਕਿ ਉਹ ਮੱਕੀ ਦੀ ਸਰਕਾਰੀ ਖ਼ਰੀਦ ਦਾ ਵਾਅਦਾ ਤਾਂ ਨਹੀਂ ਕਰ ਸਕਦੇ ਪਰ ਬਿਹਤਰ ਮੰਡੀ ਬੁਨਿਆਦੀ ਢਾਂਚੇ ਦਾ ਭਰੋਸਾ ਦਿੰਦੇ ਹਨ।

- ਕੁਮਾਰ ਅੰਸ਼ੁਮਾਨ

ਬਾਕੀ ਸਫਾ 14 ਦੀ

# ਕਾਰਪ ਮੱਛੀ ਪਾਲਣ ਤਲਾਅ ਵਿੱਚ ਮੌਸਮੀ ਪ੍ਰਬੰਧਨ ਅਭਿਆਸ

ਨੂੰ ਯਕੀਨੀ ਬਣਾਉਂਦਾ ਹੈ ਅਤੇ ਬਚਾਅ ਵਿੱਚ ਸੁਧਾਰ ਕਰਦਾ ਹੈ।

**ਸਟਾਕਿੰਗ ਪੜਾਅ**

★ ਸਿਹਤਮੰਦ ਮੱਛੀਆਂ ਦਾ ਸਟਾਕ ਕਰੋ

★ ਸਹੀ ਸਟਾਕਿੰਗ ਘਣਤਾ ਬਣਾਈ ਰੱਖੋ

★ ਪੌਲੀਕਲਚਰ ਵਿੱਚ ਪ੍ਰਜਾਤੀਆਂ ਦੇ ਅਨੁਪਾਤ ਦੀ ਪਾਲਣਾ ਕਰੋ

ਸੰਯੁਕਤ ਕਾਰਪ ਕਲਚਰ ਸਾਰੇ ਤਲਾਅ ਦੇ ਸਥਾਨਾਂ ਦੀ ਵਰਤੋਂ ਕਰਕੇ ਉਤਪਾਦਕਤਾ ਨੂੰ ਵੱਧ ਤੋਂ ਵੱਧ ਕਰਦਾ ਹੈ।

**ਸਟਾਕਿੰਗ ਤੋਂ ਬਾਅਦ ਦਾ ਪੜਾਅ**

★ ਨਿਯਮਤ ਭੋਜਨ ਅਤੇ ਖਾਦ

★ ਪਾਣੀ ਦੀ ਗੁਣਵੱਤਾ ਦੀ ਨਿਗਰਾਨੀ

★ ਬਿਮਾਰੀ ਪ੍ਰਬੰਧਨ

ਮੌਸਮੀ ਭਿੰਨਤਾਵਾਂ ਦੇ ਅਨੁਸਾਰ ਸਾਰੇ ਅਭਿਆਸਾਂ ਨੂੰ ਵਿਵਸਥਿਤ ਕਰੋ।

ਕਾਰਪ ਕਲਚਰ ਵਿੱਚ ਪਾਣੀ ਦੀ ਗੁਣਵੱਤਾ ਪ੍ਰਬੰਧਨ

ਸਾਲ ਭਰ ਪਾਣੀ ਦੀ ਗੁਣਵੱਤਾ ਬਣਾਈ ਰੱਖਣਾ ਮਹੱਤਵਪੂਰਨ ਹੈ :

**ਪੈਰਾਮੀਟਰ ਆਦਰਸ਼ ਰੇਂਜ**

ਤਾਪਮਾਨ 25-32°C

ਘੁਲਿਆ ਹੋਇਆ ਆਕਸੀਜਨ 5 ਮਿਲੀਗ੍ਰਾਮ/ਲੀ.

pH 6.5-8.5

ਅਮੋਨੀਆ 0.02 ਮਿਲੀਗ੍ਰਾਮ/ਲੀ.

ਨਿਯਮਤ ਨਿਗਰਾਨੀ ਸਿਹਤਮੰਦ ਤਾਲਾਬ ਵਾਤਾਵਰਣ ਅਤੇ ਮੱਛੀ ਦੇ ਬਿਹਤਰ ਵਿਕਾਸ ਨੂੰ ਯਕੀਨੀ ਬਣਾਉਂਦੀ ਹੈ।

**ਖ਼ੁਰਾਕ ਅਤੇ ਪੋਸ਼ਣ ਪ੍ਰਬੰਧਨ**

ਕਾਰਪ ਖ਼ੁਰਾਕ ਦੇ ਅਭਿਆਸ ਮੌਸਮਾਂ ਦੇ ਨਾਲ ਬਦਲਦੇ ਹਨ :

★ **ਗਰਮੀਆਂ** : ਦਰਮਿਆਨੀ ਖ਼ੁਰਾਕ, ਜ਼ਿਆਦਾ ਤੋਂ ਜ਼ਿਆਦਾ ਬਚੋ

★ **ਮੌਨਸੂਨ** : ਸਮਾਯੋਜਨ ਦੇ ਨਾਲ ਸੰਤੁਲਿਤ ਖ਼ੁਰਾਕ

★ **ਸਰਦੀਆਂ** : ਉੱਚ-ਗੁਣਵੱਤਾ ਵਾਲੀ ਫੀਡ ਦੇ ਨਾਲ ਘੱਟ ਖ਼ੁਰਾਕ

ਰਵਾਇਤੀ ਫੀਡ ਵਿੱਚ ਚੌਲਾਂ ਦੇ ਛਾਣ ਅਤੇ ਤੇਲ ਦੇ ਕੇਕ ਮਿਸ਼ਰਣ ਸ਼ਾਮਲ ਹੁੰਦੇ ਹਨ, ਜਦੋਂ ਕਿ ਆਧੁਨਿਕ ਪ੍ਰਣਾਲੀਆਂ ਬਿਹਤਰ ਵਿਕਾਸ ਅਤੇ ਫੀਡ ਕੁਸ਼ਲਤਾ ਲਈ ਸੰਤੁਲਿਤ ਪੈਲੇਟਡ ਫੀਡ ਦੀ ਵਰਤੋਂ ਕਰਦੀਆਂ ਹਨ।

## ਕਾਰਪ ਕਲਚਰ ਵਿੱਚ ਬਿਮਾਰੀ ਪ੍ਰਬੰਧਨ

ਮੌਸਮੀ ਬਿਮਾਰੀ ਦੇ ਨਮੂਨੇ :

★ **ਗਰਮੀਆਂ** : ਤਣਾਅ ਨਾਲ ਸਬੰਧਤ ਬਿਮਾਰੀਆਂ

★ **ਮੌਨਸੂਨ** : ਬੈਕਟੀਰੀਆ ਅਤੇ ਪਰਜੀਵੀ ਲਾਗ

★ **ਸਰਦੀਆਂ** : ਘੱਟ ਪ੍ਰਤੀਰੋਧਕ ਸ਼ਕਤੀ

**ਰੋਕਥਾਮ ਉਪਾਅ** :

★ ਪਾਣੀ ਦੀ ਗੁਣਵੱਤਾ ਬਣਾਈ ਰੱਖੋ

★ ਭੀੜ-ਭੜੱਕੇ ਤੋਂ ਬਚੋ

★ ਗੁਣਵੱਤਾ ਵਾਲੇ ਬੀਜ ਦੀ ਵਰਤੋਂ ਕਰੋ

★ ਪ੍ਰੋਫਾਈਲੈਕਟਿਕ ਇਲਾਜ ਲਾਗੂ ਕਰੋ

## ਕਿਸਾਨਾਂ ਦੇ ਵਿਕਾਸ ਲਈ ਏਕੀਕ੍ਰਿਤ ਕਾਰਪ ਫਾਰਮਿੰਗ

ਕਾਰਪ ਕਲਚਰ ਨੂੰ ਖੇਤੀਬਾੜੀ ਨਾਲ ਜੋੜਿਆ ਜਾ ਸਕਦਾ ਹੈ :

★ ਮੱਛੀ-ਕਮ-ਪੋਲਟਰੀ ਫਾਰਮਿੰਗ

★ ਮੱਛੀ-ਕਮ-ਬਤਖ ਪਾਲਣ

★ ਪਸ਼ੂਆਂ ਦੇ ਰਹਿੰਦ-ਖੂੰਹਦ ਨੂੰ ਖਾਦ ਵਜੋਂ ਵਰਤਣਾ

ਏਕੀਕ੍ਰਿਤ ਪ੍ਰਣਾਲੀਆਂ ਉਤਪਾਦਕਤਾ ਅਤੇ ਮੁਨਾਫ਼ੇ ਵਿੱਚ ਸੁਧਾਰ ਕਰਦੀਆਂ ਹਨ, ਜਿਵੇਂ ਕਿ ਕਾਰਪ ਪੌਲੀਕਲਚਰ ਪ੍ਰਣਾਲੀਆਂ ਵਿੱਚ ਉੱਚ ਉਪਜ ਅਤੇ ਆਰਥਿਕ ਰਿਟਰਨ ਦਿਖਾਉਣ ਵਾਲੇ ਅਧਿਐਨਾਂ ਵਿੱਚ ਦਿਖਾਇਆ ਗਿਆ ਹੈ।

**ਐਕਸਟੈਂਸ਼ਨ ਸੇਵਾਵਾਂ ਦੀ ਭੂਮਿਕਾ**

ਐਕਸਟੈਂਸ਼ਨ ਸੇਵਾਵਾਂ ਇਹਨਾਂ ਲਈ ਜ਼ਰੂਰੀ ਹਨ :

★ ਵਿਗਿਆਨਕ ਕਾਰਪ ਕਲਚਰ ਵਿੱਚ ਕਿਸਾਨਾਂ ਨੂੰ ਸਿਖਲਾਈ ਦੇਣਾ

★ ਮੌਸਮੀ ਪ੍ਰਬੰਧਨ ਅਭਿਆਸਾਂ ਨੂੰ ਉਤਸ਼ਾਹਿਤ ਕਰਨਾ

★ ਤਕਨੀਕੀ ਮਾਰਗਦਰਸ਼ਨ ਪ੍ਰਦਾਨ ਕਰਨਾ

★ ਸੁਧਰੀਆਂ ਤਕਨਾਲੋਜੀਆਂ ਦਾ ਪ੍ਰਸਾਰ

ਮੱਛੀ ਕਿਸਾਨ ਵਿਕਾਸ ਏਜੰਸੀਆਂ ਨੇ ਭਾਰਤ ਵਿੱਚ ਕਾਰਪ ਕਲਚਰ ਨੂੰ ਪ੍ਰਸਿੱਧ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

**ਆਰਥਿਕ ਅਤੇ ਸਮਾਜਿਕ ਪ੍ਰਭਾਵ**

ਕਾਰਪ ਕਲਚਰ ਵਿੱਚ ਮੌਸਮੀ ਪ੍ਰਬੰਧਨ ਹੇਠ ਲਿਖੇ ਵੱਲ ਲੈ ਜਾਂਦਾ ਹੈ:

★ ਮੱਛੀ ਉਤਪਾਦਨ ਵਿੱਚ ਵਾਧਾ (4-10 ਟਨ/ਹੈਕਟੇਅਰ/ਸਾਲ ਤੱਕ)

★ ਵੱਧ ਆਮਦਨ ਅਤੇ ਰੁਜ਼ਗਾਰ

★ ਪੋਸ਼ਣ ਸੁਰੱਖਿਆ

★ ਟਿਕਾਊ ਪੇਂਡੂ ਵਿਕਾਸ

ਵਿਗਿਆਨਕ ਕਾਰਪ ਕਲਚਰ ਨੇ ਰਵਾਇਤੀ ਘੱਟ-ਉਪਜ ਪ੍ਰਣਾਲੀਆਂ ਨੂੰ ਉੱਚ-ਉਤਪਾਦਕਤਾ ਵਾਲੇ ਉੱਦਮਾਂ ਵਿੱਚ ਬਦਲ ਦਿੱਤਾ ਹੈ।

## ਸਿੱਟਾ

ਮੌਸਮੀ ਪ੍ਰਬੰਧਨ ਅਭਿਆਸ ਤਲਾਬਾਂ ਵਿੱਚ ਕਾਰਪ ਮੱਛੀ ਕਲਚਰ ਦੀ ਸਫਲਤਾ ਲਈ ਬੁਨਿਆਦੀ ਹਨ। ਹਰ ਮੌਸਮ-ਗਰਮੀਆਂ, ਮਾਨਸੂਨ ਅਤੇ ਸਰਦੀਆਂ ਨੂੰ ਪਾਣੀ ਦੀ ਗੁਣਵੱਤਾ ਬਣਾਈ ਰੱਖਣ, ਮੱਛੀ ਦੀ ਸਿਹਤ ਨੂੰ ਯਕੀਨੀ ਬਣਾਉਣ ਅਤੇ ਵਿਕਾਸ ਨੂੰ ਅਨੁਕੂਲ ਬਣਾਉਣ ਲਈ ਖਾਸ ਰਣਨੀਤੀਆਂ ਦੀ ਲੋੜ ਹੁੰਦੀ ਹੈ। ਵਿਗਿਆਨਕ ਗਿਆਨ ਨੂੰ ਰਵਾਇਤੀ ਅਭਿਆਸਾਂ ਨੂੰ ਜੋੜ ਕੇ, ਕਿਸਾਨ ਉਤਪਾਦਕਤਾ ਅਤੇ ਮੁਨਾਫ਼ੇ ਨੂੰ ਮਹੱਤਵਪੂਰਨ ਤੌਰ 'ਤੇ ਵਧਾ ਸਕਦੇ ਹਨ।

ਕਾਰਪ ਕਲਚਰ, ਜਦੋਂ ਮੌਸਮਾਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਿਤ ਕੀਤਾ ਜਾਂਦਾ ਹੈ, ਤਾਂ ਇੱਕ ਟਿਕਾਊ ਅਤੇ ਆਰਥਿਕ ਤੌਰ 'ਤੇ ਵਿਵਹਾਰਕ ਉੱਦਮ ਬਣ ਜਾਂਦਾ ਹੈ ਜੋ ਖੇਤੀਬਾੜੀ ਵਿਕਾਸ, ਪੇਂਡੂ ਰੋਜ਼ੀ-ਰੋਟੀ ਅਤੇ ਭੋਜਨ ਸੁਰੱਖਿਆ ਦਾ ਸਮਰਥਨ ਕਰਦਾ ਹੈ। ਸਹੀ ਸਿਖਲਾਈ, ਸੁਧਰੀਆਂ ਤਕਨਾਲੋਜੀਆਂ ਨੂੰ ਅਪਣਾਉਣ ਅਤੇ ਵਿਸਥਾਰ ਏਜੰਸੀਆਂ ਦੇ ਸਮਰਥਨ ਨਾਲ, ਮੱਛੀ ਪਾਲਕ ਜਲ-ਪਾਲਣ ਦੀ ਪੂਰੀ ਸੰਭਾਵਨਾ ਦਾ ਲਾਭ ਉਠਾ ਸਕਦੇ ਹਨ ਅਤੇ ਨੀਲੀ ਕ੍ਰਾਂਤੀ ਵਿੱਚ ਯੋਗਦਾਨ ਪਾ ਸਕਦੇ ਹਨ।

# ਖੰਡ ਦੀਆਂ ਕੀਮਤਾਂ ਵਿਚ ਬੇਹਿਸਾਬ ਵਾਧਾ, ਸਰਕਾਰ ਨੇ ਕਿਹਾ, ਈਥਾਨੌਲ ਨਹੀਂ ਹੈ ਵਜ੍ਹਾ

**★ ਖੰਡ ਦੀਆਂ ਕੀਮਤਾਂ 'ਤੇ ਕਾਬੂ ਰੱਖਣ ਲਈ ਸਰਕਾਰ ਨੇ ਭੰਡਾਰ ਕਰਨ ਦੀ ਹੱਦ ਘਟਾ ਕੇ 15 ਦਿਨ ਕੀਤੀ ★ ਖੰਡ ਦਾ ਨਵਾਂ ਸੀਜ਼ਨ 1 ਅਕਤੂਬਰ ਤੋਂ ਸ਼ੁਰੂ ਹੋਵੇਗਾ ★ 2025-26 ਸੀਜ਼ਨ ਵਿੱਚ ਖੰਡ ਦੀ ਕੁੱਲ ਉਪਲਬਧਤਾ 320 ਲੱਖ ਟਨ ਰਹਿਣ ਦਾ ਅਨੁਮਾਨ**

ਸਰਕਾਰ ਨੇ ਖੰਡ ਦੀਆਂ ਕੀਮਤਾਂ ਵਿਚ ਵਾਧੇ ਦੇ ਪਿੱਛੇ ਕੁਝ ਖੰਡ ਮਿੱਲਾਂ ਅਤੇ ਮੁਨਾਫਾਖੋਰਾਂ ਦੀ ਜਮ੍ਹਾਂਖੋਰੀ ਅਤੇ ਸੱਟੇਬਾਜ਼ੀ ਦੀ ਸੰਭਾਵਨਾ ਪ੍ਰਗਟਾਈ ਹੈ। ਇਸ ਨੂੰ ਰੋਕਣ ਲਈ 30 ਨਵੰਬਰ ਤੱਕ ਕਾਰੋਬਾਰੀਆਂ ਲਈ 400 ਟਨ ਦੀ ਸਟਾਕ ਹੱਦ ਲਾਗੂ ਕੀਤੀ ਗਈ ਹੈ। ਇਕ ਸਤੰਬਰ ਤੋਂ ਥੋਕ ਖਪਤਕਾਰ ਵੀ ਆਪਣੀ 15 ਦਿਨਾਂ ਦੀ ਖਪਤ ਤੋਂ ਵੱਧ ਸਟਾਕ ਨਹੀਂ ਰੱਖ ਸਕਣਗੇ। ਜਮ੍ਹਾਂਖੋਰੀ ਰੋਕਣ ਲਈ ਕੇਂਦਰ ਅਤੇ ਸੂਬਿਆਂ ਦੀਆਂ ਸਾਂਝੀਆਂ ਟੀਮਾਂ ਖੰਡ ਮਿਲਾਂ ਵਿਚ ਸਟਾਕ ਦਾ ਭੌਤਿਕ ਤਸਦੀਕ ਕਰਨਗੀਆਂ।

ਤਿਉਹਾਰਾਂ ਦੀ ਆਮਦ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਖੰਡ ਦੀ ਜਮ੍ਹਾਂਬੰਦੀ 'ਤੇ ਰੋਕ ਲਗਾਉਣ ਲਈ ਹੱਦ ਨਿਸ਼ਚਿਤ ਕਰ ਦਿੱਤੀ ਹੈ, ਜਿਸ ਮੁਤਾਬਿਕ ਖੰਡ ਦਾ ਸਿਰਫ਼ 15 ਦਿਨ ਦਾ ਸਟਾਕ ਹੀ ਰੱਖਿਆ ਜਾ ਸਕਦਾ ਹੈ। ਇਹ ਨਵਾਂ ਨੇਮ 1 ਸਤੰਬਰ ਤੋਂ 30 ਨਵੰਬਰ ਤੱਕ ਲਾਗੂ ਰਹੇਗਾ। ਸਰਕਾਰ ਵਲੋਂ ਲਿਆਂਦੇ ਨਵੇਂ ਨੇਮ ਤਹਿਤ ਹੁਣ ਇੱਕ ਮਹੀਨੇ ਵਿੱਚ 10 ਮੀਟ੍ਰਿਕ ਟਨ ਤੋਂ ਜ਼ਿਆਦਾ ਖੰਡ ਦੀ ਵਰਤੋਂ ਜਾਂ ਕਾਰੋਬਾਰ ਕਰਨ ਵਾਲੇ ਡੀਲਰ 15 ਦਿਨ ਤੋਂ ਵੱਧ ਦਾ ਭੰਡਾਰ ਆਪਣੇ ਕੋਲ ਨਹੀਂ ਰੱਖ ਸਕਣਗੇ। ਸਰਕਾਰ ਵਲੋਂ ਇਹ ਕਦਮ ਬਾਜ਼ਾਰ ਵਿੱਚ ਖੰਡ ਦੀ ਉਪਲਬਧਤਾ ਵਧਾਉਣ ਅਤੇ ਕੀਮਤਾਂ ਨੂੰ ਕਾਬੂ ਵਿੱਚ ਰੱਖਣ ਲਈ ਚੁੱਕਿਆ ਗਿਆ ਹੈ। ਇਸ ਤੋਂ ਪਹਿਲਾਂ ਸਰਕਾਰ ਨੇ ਪਿਛਲੇ ਮਹੀਨੇ ਹੀ ਕਾਰੋਬਾਰੀਆਂ ਲਈ ਖੰਡ ਦਾ ਭੰਡਾਰ ਰੱਖਣ ਦੀ ਹੱਦ 30 ਦਿਨ ਕਰ ਦਿੱਤੀ ਸੀ, ਪਰ ਇਸਦੇ ਬਾਵਜੂਦ ਕੀਮਤਾਂ ਵਿੱਚ ਤੇਜ਼ੀ ਜਾਰੀ ਰਹਿਣ 'ਤੇ ਸਰਕਾਰ ਨੇ ਸਮਾਂ ਹੱਦ ਘਟਾ ਕੇ 15 ਦਿਨ ਕਰ ਦਿੱਤੀ। ਜ਼ਿਕਰਯੋਗ ਹੈ ਕਿ ਖੰਡ ਦੀ ਕੀਮਤ ਪਿਛਲੇ ਇੱਕ ਮਹੀਨੇ ਵਿੱਚ ਤਕਰੀਬਨ 10 ਫ਼ੀਸਦੀ ਵਧ ਚੁੱਕੀ ਹੈ। ਖੰਡ ਦਾ ਨਵਾਂ ਸੀਜ਼ਨ 1 ਅਕਤੂਬਰ ਤੋਂ ਸ਼ੁਰੂ ਹੋਵੇਗਾ। ਖੰਡ ਦੀ ਉਪਲਬਧਤਾ ਨੂੰ ਲੈ ਕੇ ਵੀ ਸਵਾਲ ਉਠਾਏ ਜਾ ਰਹੇ ਹਨ। ਇੱਕ ਅਨੁਮਾਨ ਮੁਤਾਬਿਕ ਨਵੇਂ ਸੀਜ਼ਨ ਦੀ ਸ਼ੁਰੂਆਤ ਵਿੱਚ 40 ਤੋਂ 42 ਲੱਖ ਟਨ ਖੰਡ ਉਪਲਬਧ ਹੋ ਸਕਦੀ ਹੈ। ਜਦਕਿ ਕੁਝ ਖੋਜਕਰਤਾਵਾਂ ਦਾ ਅਨੁਮਾਨ ਇਸ ਤੋਂ ਵੀ ਘੱਟ ਭਾਵ 32 ਤੋਂ 35 ਲੱਖ ਟਨ ਹੈ। ਜਦਕਿ ਦੇਸ਼ ਦੀ ਘਰੇਲੂ ਜ਼ਰੂਰਤ ਤਕਰੀਬਨ 50 ਲੱਖ ਟਨ ਰਹਿਣ ਦਾ ਅਨੁਮਾਨ ਹੈ। ਇਸ ਤੋਂ ਇਲਾਵਾ ਕੁੱਝ ਇਲਾਕਿਆਂ ਵਿੱਚ ਮੀਂਹ ਘੱਟ ਪੈਣ ਨਾਲ ਵੀ ਗੰਨੇ ਦੀ ਫ਼ਸਲ ਪ੍ਰਭਾਵਿਤ ਹੋ ਸਕਦੀ ਹੈ, ਜਿਹੜਾ ਅਸਰ ਆਉਣ ਵਾਲੇ ਸੀਜ਼ਨ ਵਿੱਚ ਖੰਡ ਦੇ ਉਤਪਾਦਨ 'ਤੇ ਪੈ ਸਕਦਾ ਹੈ। ਹਾਲਾਂਕਿ ਮੌਜੂਦਾ 2025-26 ਸੀਜ਼ਨ ਵਿੱਚ ਦੇਸ਼ ਵਿੱਚ ਖੰਡ ਦੇ ਕੁੱਲ ਉਪਲਬਧਤਾ ਤਕਰੀਬਨ 320 ਲੱਖ ਟਨ ਰਹਿਣ ਦਾ ਅਨੁਮਾਨ ਹੈ ਜਦਕਿ ਘਰੇਲੂ ਖਪਤ ਤਕਰੀਬਨ 285 ਲੱਖ ਟਨ ਹੈ। ਜਿਸ ਮੁਤਾਬਿਕ ਤਕਰੀਬਨ 7 ਲੱਖ ਟਨ ਨਿਰਯਾਤ ਤੋਂ ਬਾਅਦ ਸੀਜ਼ਨ ਦੇ ਅਖੀਰ ਵਿੱਚ ਤਕਰੀਬਨ 35 ਲੱਖ ਟਨ ਸਟਾਕ ਰਹਿਣ ਦਾ ਅਨੁਮਾਨ ਹੈ। ਅਜਿਹੇ ਵਿੱਚ ਸਰਕਾਰ ਦੇ ਇਸ ਫ਼ੈਸਲੇ ਨੂੰ ਬਾਜ਼ਾਰ ਵਿੱਚ ਖੰਡ ਦੀ ਉਪਲਬਧਤਾ ਬਣਾਈ ਰੱਖਣ ਅਤੇ ਕੀਮਤਾਂ 'ਤੇ ਕਾਬੂ ਰੱਖਣ ਦੀ ਕੋਸ਼ਿਸ਼ ਵਜੋਂ ਵੇਖਿਆ ਜਾ ਰਿਹਾ ਹੈ।

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 | 9216103075 | 9216103069

## ਸਰਕਾਰ ਵੱਲੋਂ 31 ਅਕਤੂਬਰ ਤੱਕ 10 ਲੱਖ ਟਨ ਕੱਚੀ ਖੰਡ ਦੀ ਮੁਫ਼ਤ ਦਰਾਮਦ ਨੂੰ ਮਨਜ਼ੂਰੀ



ਸਥਾਨਕ ਬਾਜ਼ਾਰ ਵਿੱਚ ਖੰਡ ਦੀਆਂ ਵਧਦੀਆਂ ਕੀਮਤਾਂ ਦੇ ਦੌਰਾਨ, ਸਰਕਾਰ ਨੇ 31 ਅਕਤੂਬਰ ਤੱਕ ਟੈਰਿਫ ਰੇਟ ਕੋਟੇ ਦੇ ਤਹਿਤ 10 ਲੱਖ ਟਨ ਕੱਚੀ ਖੰਡ ਦੀ ਡਿਊਟੀ ਮੁਕਤ ਦਰਾਮਦ ਨੂੰ ਮਨਜ਼ੂਰੀ ਦਿੱਤੀ ਹੈ। ਇਸ ਕਦਮ ਦਾ ਉਦੇਸ਼ ਘਰੇਲੂ ਉਪਲਬਧਤਾ ਨੂੰ ਵਧਾਉਣਾ ਅਤੇ ਕੀਮਤਾਂ ਵਿੱਚ ਵਾਧੇ ਨੂੰ ਰੋਕਣਾ ਹੈ। ਵਿਦੇਸ਼ੀ ਵਪਾਰ ਡਾਇਰੈਕਟੋਰੇਟ ਜਨਰਲ (ਡੀ ਜੀ ਐਫ ਟੀ) ਨੇ ਇੱਕ ਨੋਟੀਫਿਕੇਸ਼ਨ ਵਿੱਚ ਕਿਹਾ, ''ਕੱਚੀ ਖੰਡ ਲਈ ਦਰਾਮਦ ਨੀਤੀ ਵਿੱਚ ਸੋਧ ਕਰਕੇ 31 ਅਕਤੂਬਰ 2026 ਤੱਕ ਟੈਰਿਫ ਰੇਟ ਕੋਟੇ (ਟੀ ਆਰ ਕਿਊ) ਦੇ ਤਹਿਤ 10 ਲੱਖ ਮੀਟ੍ਰਿਕ ਟਨ (ਐਮ ਟੀ) ਦੀ ਡਿਊਟੀ ਮੁਕਤ ਦਰਾਮਦ ਦੀ ਆਗਿਆ ਦਿੱਤੀ ਗਈ ਹੈ।'' ਇਹ ਆਦੇਸ਼ ਖੰਡ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਧੇ ਦੇ ਵਿਚਕਾਰ ਆਇਆ ਹੈ। 2026-27 ਸੀਜ਼ਨ ਤੋਂ ਪਹਿਲਾਂ ਸ਼ੁਰੂਆਤੀ ਸਟਾਕ ਘੱਟ ਹੋਣ ਕਾਰਨ ਐਕਸ-ਮਿਲ ਕੀਮਤਾਂ ਰਿਕਾਰਡ ਪੱਧਰ 'ਤੇ ਪਹੁੰਚ ਗਈਆਂ ਹਨ। ਇੱਕ ਉਦਯੋਗ ਸੰਸਥਾ ਦੇ ਅਨੁਸਾਰ ਦੇਸ਼ ਭਰ ਵਿੱਚ ਔਸਤ ਐਕਸ ਮਿਲ ਕੀਮਤ 5,400-5,500 ਰੁਪਏ ਪ੍ਰਤੀ ਕੁਇੰਟਲ ਹੋ ਗਈ, ਜੋ ਇੱਕ ਸਾਲ ਪਹਿਲਾਂ 3,900 ਰੁਪਏ ਸੀ। ਖਪਤਕਾਰ ਮਾਮਲਿਆਂ ਦੇ ਮੰਤਰਾਲੇ ਦੇ ਅੰਕੜਿਆਂ ਅਨੁਸਾਰ, 18 ਅਗਸਤ ਤੱਕ ਪ੍ਰਚੂਨ ਖੰਡ ਦੀਆਂ ਕੀਮਤਾਂ ਸਾਲ-ਦਰ-ਸਾਲ ਲਗਭਗ 13 ਫ਼ੀਸਦੀ ਵਧ ਕੇ 52.30 ਰੁਪਏ ਪ੍ਰਤੀ ਕਿਲੋਗ੍ਰਾਮ ਹੋ ਗਈਆਂ, ਜੋ ਇੱਕ ਸਾਲ ਪਹਿਲਾਂ 46.34 ਰੁਪਏ ਸੀ। ਖੰਡ ਦੀ ਮੰਗ ਆਮ ਤੌਰ 'ਤੇ ਅਗਸਤ ਅਤੇ ਨਵੰਬਰ ਦੇ ਵਿਚਕਾਰ ਵਧਦੀ ਹੈ, ਕਿਉਂਕਿ ਦੇਸ਼ ਭਰ ਵਿੱਚ ਗਣੇਸ਼ ਚਤੁਰਥੀ, ਦੁਸਹਿਰਾ ਅਤੇ ਦੀਵਾਲੀ ਵਰਗੇ ਪ੍ਰਮੁੱਖ ਤਿਉਹਾਰ ਮਨਾਏ ਜਾਂਦੇ ਹਨ। ਕੀਮਤਾਂ ਨੂੰ ਕੰਟਰੋਲ ਕਰਨ ਲਈ, ਸਰਕਾਰ ਨੇ ਥੋਕ ਖਪਤਕਾਰਾਂ 'ਤੇ ਸਟਾਕ ਸੀਮਾਵਾਂ ਵੀ ਲਗਾਈਆਂ ਹਨ ਜੋ ਇੱਕ ਮਹੀਨੇ ਵਿੱਚ 10 ਟਨ ਤੋਂ ਵਧ ਖੰਡ ਦੇ ਖਪਤ ਕਰਦੇ ਹਨ, ਉਨ੍ਹਾਂ ਲਈ ਸਟਾਕ ਸੀਮਾ 15 ਦਿਨਾਂ ਦੀ ਖਪਤ 'ਤੇ ਨਿਰਧਾਰਤ ਕੀਤੀ ਗਈ ਹੈ।

ਕਿਸਾਨਾਂ ਦੀ ਸੇਵਾ ਵਿੱਚ 1983 ਤੋਂ ਪ੍ਰਕਾਸ਼ਿਤ ਹੋਣ ਵਾਲਾ
ਖੇਤੀ ਦੁਨੀਆਂ
ਸੰਪੂਰਣ ਖੇਤੀਬਾੜੀ ਹਫਤਾਵਾਰੀ
ਇੱਕ ਸਾਲ ਵਿੱਚ 52 ਅੰਕ
ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ ਨਵੀਨਤਮ ਜਾਣਕਾਰੀ ਪਾਓ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਿਰਫ 100/- ਰੁਪਏ ਸਾਲਾਨਾ ਚੰਦਾ
ਡਾਕ ਰਾਹੀਂ ਪ੍ਰਾਪਤ ਕਰਨ ਲਈ
ਇੱਕ ਸਾਲ 500/- ਰੁਪਏ ਦੋ ਸਾਲ 800/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575

## ਗੰਨਾ ਉਤਪਾਦਨ ਘਟਣ ਦੀ ਮੁੱਖ ਵਜ੍ਹਾ ਗੰਨੇ ਵਿਚ ਰੈੱਡ ਰਾਟ ਅਤੇ ਟਾਪ ਬੋਰਰ ਰੋਗ

ਇਸ ਵਾਰ ਉਤਪਾਦਨ ਘਟਣ ਕਾਰਨ ਸਟਾਕ 'ਤੇ ਅਸਰ ਪਿਆ ਹੈ। ਮੌਜੂਦਾ ਸੀਜ਼ਨ ਵਿਚ ਖੰਡ ਉਤਪਾਦਨ ਦਾ ਮੁੱਢਲਾ ਅਨੁਮਾਨ ਕਰੀਬ 343 ਲੱਖ ਟਨ ਸੀ, ਜੋ ਘੱਟ ਕੇ ਕਰੀਬ 306 ਲੱਖ ਟਨ ਰਹਿ ਗਿਆ ਹੈ। ਇਸ ਦਾ ਮਤਲਬ ਹੈ ਕਿ ਅਨੁਮਾਨ ਤੋਂ ਕਰੀਬ 37 ਲੱਖ ਟਨ ਘੱਟ।



ਇਸ ਦੀ ਮੁੱਖ ਵਜ੍ਹਾ ਗੰਨੇ ਵਿਚ ਰੈੱਡ ਰਾਟ ਅਤੇ ਟਾਪ ਬੋਰਰ ਰੋਗ ਨੂੰ ਦੱਸਿਆ ਗਿਆ ਹੈ। ਇਨ੍ਹਾਂ ਰੋਗਾਂ ਦੇ ਹਮਲੇ ਕਾਰਨ ਗੰਨੇ ਦਾ ਭਾਰ, ਰਸ ਅਤੇ ਖੰਡ ਦੀ ਪੈਦਾਵਾਰ ਵਿ ਚ ਭਾਰੀ ਕਮੀ ਆਉਂਦੀ ਹੈ। ਇਸ ਦੇ ਨਾਲ ਹੀ ਬਹੁਤ ਜ਼ਿਆਦਾ ਬਾਰਿਸ਼ ਕਾਰਨ ਗੰਨੇ ਦੇ ਉਤਪਾਦਨ ਵਿਚ ਕਮੀ ਵੀ ਵੱਡੀ ਵਜ੍ਹਾ ਹੈ। ਅਗਸਤ ਤੋਂ ਨਵੰਬਰ ਦਰਮਿਆਨ ਗਣੇਸ਼ ਚਤੁਰਥੀ, ਦਸਹਿਰਾ ਅਤੇ ਦੀਵਾਲੀ ਵਰਗੇ ਤਿਉਹਾਰਾਂ ਕਾਰਨ ਮੰਗ ਵਧਦੀ ਹੈ। ਦੂਜੇ ਪਾਸੇ ਨਵੀਂ ਪਿੜਾਈ ਅਕਤੂਬਰ ਵਿਚ ਸ਼ੁਰੂ ਹੋਵੇਗੀ। ਇਸ ਤਰ੍ਹਾਂ ਅਗਲੇ ਡੇਢ-ਦੋ ਮਹੀਨੇ ਬਾਜ਼ਾਰ ਲਈ ਅਹਿਮ ਹੋਣਗੇ।